### ਅਧਿਆਇ 20

# ਪਰਮੇਸ਼ੁਰ ਦੇ ਵਾਅਦਿਆਂ ਨੂੰ ਸੰਭਾਲ ਕੇ ਰੱਖਣਾ

ਅਧਿਆਇ 20 ਵਿੱਚ ਅਸੀਂ ਅਬਰਾਹਾਮ ਅਤੇ ਸਾਰਾਹ ਨੂੰ ਇੱਕ ਵਾਰ ਫੇਰ ਭਟਕਦਿਆਂ ਵੇਖਦੇ ਹਾਂ। ਉਹ ਘਟਨਾਵਾਂ ਜੋ ਗਰਾਰ ਵਿੱਚ ਵਾਪਰੀਆਂ ਸਨ ਵਚਿੱਤਰ ਰੂਪ ਵਿੱਚ ਉਨ੍ਹਾਂ ਘਟਨਾਵਾਂ ਵਰਗੀਆਂ ਹਨ ਜੋ ਅਧਿਆਇ 12 ਵਿੱਚ ਮਿਸਰ ਦੇ ਵਿੱਚ ਵਾਪਰੀਆਂ ਸਨ।

## ਅਬਰਾਹਾਮ ਦਾ ਧੋਖਾਅਤੇ ਅਬੀਮਲਕ ਦਾ ਭੋਲਾਪਣ (20:1-7)

**[1]ਤਾਂ ਅਬਰਾਹਾਮ ਨੇ ਉੱਥੋਂ ਦੱਖਣ ਦੇ ਦੇਸ ਵੱਲ ਕੂਚ ਕੀਤਾ ਅਤੇ ਕਾਦੇਸ਼ ਅਰ ਸ਼ੂਰ ਦੇ
ਵਿਚਕਾਰ ਟਿਕ ਕੇ ਗਰਾਰ ਵਿੱਚ ਜਾ ਵੱਸਿਆ। [2]ਅਤੇ ਅਬਰਾਹਾਮ ਨੇ ਸਾਰਾਹ ਆਪਣੀ ਪਤਨੀ
ਦੇ ਵਿਖੇ ਆਖਿਆ ਭਈ ਏਹ ਮੇਰੀ ਭੈਣ ਹੈ ਸੋ ਅਬੀਮਲਕ ਗਰਾਰ ਦੇ ਰਾਜਾ ਨੇ ਆਦਮੀ ਘੱਲਕੇ
ਸਾਰਾਹ ਨੂੰ ਮੰਗਵਾ ਲਿਆ। [3]ਅਤੇ ਪਰਮੇਸ਼ੁਰ ਨੇ ਅਬੀਮਲਕ ਕੋਲ ਰਾਤ ਦੇ ਸੁਫਨੇ ਵਿੱਚ ਆਕੇ
ਉਹ ਨੂੰ ਆਖਿਆ, ਵੇਖ ਤੂੰ ਏਸ ਤੀਵੀਂ ਦੇ ਕਾਰਨ ਜਿਹ ਨੂੰ ਤੂੰ ਲਿਆ ਹੈ ਮਰਨ ਵਾਲਾ ਹੈਂ ਕਿਉਂਜੋ
ਉਹ ਵਿਆਹੀ ਹੋਈ ਹੈ। [4]ਪਰ ਅਜੇ ਅਬੀਮਲਕ ਉਹ ਦੇ ਨੇੜੇ ਨਹੀਂ ਗਿਆ ਸੀ ਤਾਂ ਉਸ ਨੇ
ਆਖਿਆ, ਹੇ ਪ੍ਰਭੂ ਕੀ ਤੂੰ ਇੱਕ ਧਰਮੀ ਕੌਮ ਨੂੰ ਵੀ ਮਾਰ ਸੁੱਟੇਂਗਾ? [5]ਕੀ ਉਹ ਨੇ ਮੈਨੂੰ ਨਹੀਂ
ਆਖਿਆ ਕਿ ਏਹ ਮੇਰੀ ਭੈਣ ਹੈ? ਅਤੇ ਕੀ ਉਸ ਨੇ ਵੀ ਆਪ ਹੀ ਨਹੀਂ ਆਖਿਆ ਕਿ ਉਹ ਮੇਰਾ
ਭਰਾ ਹੈ। ਮੈਂ ਤਾਂ ਆਪਣੇ ਦਿਲ ਦੀ ਸਿਧਿਆਈ ਅਰ ਆਪਣੇ ਹੱਥਾਂ ਦੀ ਨਿਰਮਲਤਾਈ ਨਾਲ ਏਹ
ਕੀਤਾ ਹੈ।" [6]ਤਾਂ ਪਰਮੇਸ਼ੁਰ ਨੇ ਸੁਫਨੇ ਵਿੱਚ ਉਹ ਨੂੰ ਆਖਿਆ, ਮੈਂ ਵੀ ਜਾਣ ਲਿਆ ਹੈ ਕਿ ਤੂੰ
ਆਪਣੇ ਦਿਲ ਦੀ ਸਿਧਿਆਈ ਨਾਲ ਇਹ ਕੀਤਾ ਹੈ। ਮੈਂ ਤੈਨੂੰ ਆਪਣੇ ਵਿਰੁੱਧ ਪਾਪ ਕਰਨ ਤੋਂ
ਰੋਕਿਆ ਹੈ ਕਿਉਂਕਿ ਮੈਂ ਤੈਨੂੰ ਉਹ ਨੂੰ ਛੋਹਣ ਨਹੀਂ ਦਿੱਤਾ। [7]ਸੋ ਹੁਣ ਤੂੰ ਉਸ ਮਨੁੱਖ ਨੂੰ ਉਹ ਦੀ
ਪਤਨੀ ਮੋੜ ਦਿਹ ਕਿਉਂਜੋ ਉਹ ਨਬੀ ਹੈ ਅਰ ਉਹ ਤੇਰੇ ਲਈ ਬੇਨਤੀ ਕਰੇਗਾ ਅਤੇ ਤੂੰ ਜੀਉਂਦਾ
ਰਹੇਂਗਾ ਪਰ ਜੇ ਨਾ ਮੋੜੇਂ ਤਾਂ ਜਾਣ ਲੈ ਕਿ ਤੂੰ ਅਰ ਸਾਰੇ ਜੋ ਤੇਰੇ ਹਨ ਜ਼ਰੂਰ ਮਰਨਗੇ।**

**ਆਇਤ 1.** ਇਹ ਅਧਿਆਇ ਅਬਰਾਹਾਮ ਦੇ ਅਗਲੇ ਸਫ਼ਰ ਦੀ ਸ਼ੁਰੂਆਤ ਨਾਲ ਆਰੰਭ ਹੁੰਦਾ ਹੈ। **ਉੱਥੋਂ** ਸ਼ਬਦ ਦੀ ਵਿਆਖਿਆ ਉਸ ਥਾਂ ਵਜੋਂ ਕੀਤੀ ਜਾ ਸਕਦੀ ਹੈ ਜਿੱਥੋਂ ਉਸ ਨੇ ਝੁਲਸੀ ਹੋਈ, ਧੂੰਏ ਨਾਲ ਭਰੀ ਵਾਦੀ ਦੀ ਵੱਲ ਹੇਠਾਂ ਨੂੰ ਨਜ਼ਰ ਮਾਰੀ ਜਿੱਥੇ ਇੱਕ ਸਮੇਂ ਲੂਤ ਰਹਿੰਦਾ ਸੀ (19:27, 28)। ਫਿਰ ਵੀ, ਕਿਉਂਕਿ ਅਬਰਾਹਾਮ ਦੇ ਸਫ਼ਰ ਵਿੱਚ ਉਸ ਦਾ ਸਾਰਾ ਘਰਾਣਾ ਉਸ ਦੇ ਨਾਲ ਹੋਵੇਗਾ, "ਉੱਥੋਂ" ਸ਼ਬਦ ਸੰਭਵ ਤੌਰ ਤੇ ਉਸ ਥਾਂ ਦਾ ਹਵਾਲਾ ਦਿੰਦਾ ਹੈ ਜਿੱਥੇ ਉਸ ਨੇ "ਮਮਰੇ ਦਿਆਂ ਬਲੂਤਾਂ ਵਿੱਚ" ਆਪਣਾ ਤੰਬੂ ਲਾਇਆ ਸੀ (18:1)।

ਮੂਲ ਲਿਖਤ ਇਸ ਗੱਲ ਦੀ ਵਿਆਖਿਆ ਨਹੀਂ ਕਰਦੀ ਕਿ ਪੁਰਖੇ ਨੇ **ਦੱਖਣ** ਦੇ ਦੇਸ ਵੱਲ

ਕਿਉਂ ਕੂਚ ਕੀਤਾ ਸੀ। ਫਿਰ ਵੀ, ਮੂਲ ਲਿਖਤ ਇਹ ਜ਼ਰੂਰ ਦੱਸਦੀ ਹੈ ਕਿ **ਕਾਦੇਸ਼ ਅਰ ਸ਼ੂਰ ਦੇ ਵਿਚਕਾਰ ਟਿਕ ਗਿਆ** ਜੋ ਕਿ ਮਿਸਰ ਦੇ ਪੱਛਮ ਵਿੱਚ ਸਥਿਤ ਸੀ। ਇਹ ਉਹੀ ਇਲਾਕਾ ਹੈ ਜਿੱਥੇ ਪਹਿਲਾਂ ਹਾਜਰਾ ਭੱਜ ਕੇ ਗਈ ਸੀ (16:7, 14 ਤੇ ਟਿੱਪਣੀਆਂ ਵੇਖੋ)। ਅਬਰਾਹਾਮ ਉੱਥੇ ਕਿੰਨੀ ਦੇਰ ਟਿਕਿਆ ਇਹ ਅਨਿਸ਼ਚਤ ਹੈ, ਪਰ ਫਿਰ ਉਹ ਉੱਤਰ ਦੀ ਵੱਲ ਗਿਆ ਅਤੇ ਇੱਕ ਪਰਦੇਸੀ ਦੇ ਵਾਂਗ **ਗਰਾਰ ਵਿੱਚ ਜਾ ਵੱਸਿਆ** (גְּרָר, *ਗੁਰ*)। ਗਰਾਰ ਦੀ ਥਾਂ ਅਨਿਸ਼ਚਤ ਹੈ; ਪਰ ਇਹ ਥਾਂ ਸੰਭਵ ਤੌਰ ਤੇ ਟੇਲ ਹਾਰੋਰ ਹੈ, ਜੋ ਕਿ ਗਾਜ਼ਾ ਦੇ ਦੱਖਣ-ਪੂਰਬ ਵੱਲ ਲਗਭਗ ਨੌਂ ਮੀਲ ਅਤੇ ਬਏਰਸਬਾ ਦੇ ਉੱਤਰ-ਪੱਛਮ ਵੱਲ ਪੰਦਰਾਂ ਮੀਲ ਦੀ ਦੂਰੀ ਤੇ ਹੈ।[1]

**ਆਇਤ 2. ਗਰਾਰ ਦੇ ਰਾਜਾ** ਦਾ **ਅਬੀਮਲਕ** ਵਜੋਂ ਹਵਾਲਾ ਦਿੱਤਾ ਗਿਆ ਹੈ, ਜਿਸ ਦਾ ਸ਼ਾਬਦਿਕ ਅਰਥ ਹੈ "ਮੇਰਾ ਪਿਤਾ ਰਾਜਾ ਹੈ।" ਨਿੱਜੀ ਨਾਮ ਦੀ ਬਜਾਇ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ "ਅਬੀਮਲਕ" ਮਿਸਰ ਵਿੱਚ "ਫ਼ਿਰਾਊਨ" ਜਾਂ ਬਾਅਦ ਵਿੱਚ ਰੋਮ ਵਿੱਚ "ਕੈਸਰ" ਦੇ ਵਾਂਗ ਇੱਕ ਸ਼ਾਹੀ ਸਿਰਨਾਵਾਂ ਸੀ।[2] ਉਤਪਤ 26:1 ਬਾਅਦ ਵਿੱਚ ਗਰਾਰ ਦੇ ਰਾਜਾ ਬਾਰੇ ਦੱਸਦੀ ਹੈ ਜਿਸ ਨੂੰ "ਅਬੀਮਲਕ" ਵੀ ਕਿਹਾ ਗਿਆ ਸੀ।

ਇੱਥੇ, ਦੂਜੀ ਵਾਰ, **ਅਬਰਾਹਾਮ ਨੇ ਸਾਰਾਹ ਆਪਣੀ ਪਤਨੀ** ਦੇ ਵਿਖੇ ਇਹ ਆਖਦੇ ਹੋਏ ਝੂਠ ਬੋਲਿਆ ਕਿ **ਏਹ ਮੇਰੀ ਭੈਣ ਹੈ** (ਵੇਖੋ 12:19)। ਪਹਿਲੀ ਘਟਨਾ ਦੀ ਤੁਲਨਾ ਵਿੱਚ (ਵੇਖੋ 12:11), ਪੁਰਖੇ ਨੇ ਇਸ ਮੌਕੇ ਤੇ ਉਸ ਦੀ ਸੁੰਦਰਤਾ ਦੀ ਤਾਰੀਫ ਨਹੀਂ ਸੀ ਕੀਤੀ। ਲਗਭਗ ਪੰਜੀ ਸਾਲ ਬੀਤ ਚੁੱਕੇ ਸਨ ਅਤੇ ਸਾਰਾਹ ਹੁਣ ਲਗਭਗ ਨੱਬੇ ਸਾਲ ਦੀ ਸੀ। ਇਨ੍ਹਾਂ ਵੇਰਵਿਆਂ ਨੂੰ ਕਿਵੇਂ ਸਮਝਿਆ ਜਾਣਾ ਚਾਹੀਦਾ ਹੈ?

ਕਿਉਂਕਿ ਉਸ ਸਮੇਂ ਜੀਵਨਕਾਲ ਲੰਬੇ ਸਮੇਂ ਦਾ ਹੁੰਦਾ ਸੀ, ਇਹ ਸੰਭਵ ਹੈ ਕਿ ਸਾਰਾਹ ਅੱਧਖੜ ਉਮਰ ਦੀ ਲੱਗਦੀ ਹੋਵੇਗੀ ਅਤੇ ਹਾਲੇ ਵੀ ਆਕਰਸ਼ਕ ਸੀ। ਉਸ ਦੀ ਨਿਰੰਤਰ ਸੁੰਦਰਤਾ ਦੀ ਕਲਪਨਾ 20:11 ਵਿੱਚ ਅਬਰਾਹਾਮ ਦੀ ਟਿੱਪਣੀ ਤੋਂ ਕੀਤੀ ਜਾ ਸਕਦੀ ਹੈ: "ਪਰਮੇਸ਼ੁਰ ਦਾ ਡਰ ਏਸ ਥਾਂ ਜ਼ਰੂਰ ਨਹੀਂ ਹੈ ਅਰ ਓਹ ਮੇਰੀ ਪਤਨੀ ਦੀ ਖ਼ਾਤਰ ਮੈਨੂੰ ਮਾਰ ਸੁੱਟਣਗੇ।" ਮਿਸਰੀ ਤੁਲਨਾ ਵਿੱਚ, ਇਹੀ ਡਰ ਸਿੱਧਾ ਸਾਰਾਹ ਦੀ ਸੁੰਦਰਤਾ ਨਾਲ ਜੁੜਿਆ ਹੋਇਆ ਹੈ (12:11, 12)। ਹੋ ਸਕਦਾ ਹੈ ਕਿ ਲੇਖਕ ਨੇ ਗਰਾਰ ਵਿੱਚ ਕਹਾਣੀ ਦੇ ਸਾਰੇ ਵੇਰਵਿਆਂ ਨੂੰ ਸ਼ਾਮਲ ਕਰਨ ਦੀ ਜ਼ਰੂਰਤ ਨੂੰ ਨਾ ਵੇਖਿਆ ਹੋਵੇ, ਇਹ ਸਮਝਦੇ ਹੋਏ ਕਿ ਪਾਠਕ ਮਿਸਰ ਵਿੱਚ ਪਿਛਲੀ ਕਹਾਣੀ ਤੋਂ ਸਮਾਨਤਾਵਾਂ ਨੂੰ ਜੋੜ ਲਵੇਗਾ।

ਇੱਕ ਹੋਰ ਵਿਆਖਿਆ ਇਹ ਹੈ ਕਿ ਅਬੀਮਲਕ ਨੇ ਉਸ ਦੀ ਸੁੰਦਰਤਾ ਦੀ ਬਜਾਇ ਆਰਥਿਕ ਜਾਂ ਸੈਨਕ ਕਾਰਣਾਂ ਕਰਕੇ **ਸਾਰਾਹ ਨੂੰ ਮੰਗਵਾ ਲਿਆ**। 13:2 ਅਨੁਸਾਰ, ਅਬਰਾਹਾਮ ਬਹੁਤ ਜ਼ਿਆਦਾ ਅਮੀਰ ਸੀ। ਉਸ ਦੇ ਕੋਲ ਘੱਟੋ-ਘੱਟ 318 ਆਦਮੀਆਂ ਦੀ ਇੱਕ ਨਿੱਜੀ ਸੈਨਾ ਵੀ ਸੀ (14:14)। ਹੁਣ ਤੱਕ, ਉਸ ਦੇ ਕੋਲ ਬਹੁਤ ਸਾਰੀਆਂ ਭੇਡਾਂ ਬੱਕਰੀਆਂ, ਇੱਜੜ ਅਤੇ ਯੋਧਾ-ਚਰਵਾਹੇ ਸਨ। ਉਹ ਇੱਕ ਸ਼ਕਤੀਸ਼ਾਲੀ ਸ਼ੇਖ ਸੀ ਅਤੇ ਗਰਾਰ ਦਾ ਫਲਿਸਤੀ ਰਾਜਾ ਪੁਰਖੇ ਨੂੰ ਆਪਣਾ ਮਿੱਤਰ ਬਣਾਉਣਾ ਚਾਹੁੰਦਾ ਸੀ। ਜਦ ਕਿ ਇਹ ਵਿਚਾਰ ਦਾ ਕੋਈ ਨਾ ਕੋਈ ਮਹੱਤਵ ਹੈ, ਇਹ 20:11 ਵਿੱਚ ਅਬਰਾਹਾਮ ਦੇ ਡਰ ਲਈ ਜ਼ਿੰਮੇਵਾਰ ਨਹੀਂ ਹੈ: "ਓਹ ਮੇਰੀ ਪਤਨੀ ਦੀ ਖ਼ਾਤਰ ਮੈਨੂੰ ਮਾਰ ਸੁੱਟਣਗੇ।"

**ਆਇਤ 3. ਅਤੇ ਪਰਮੇਸ਼ੁਰ ਨੇ ਅਬੀਮਲਕ ਕੋਲ ਰਾਤ ਦੇ ਸੁਫਨੇ ਵਿੱਚ ਆਇਆ।** ਇਹ ਇੱਕ ਹੋਰ ਹੈਰਾਨੀਜਨਕ ਹਵਾਲਾ ਹੈ ਕਿਉਂਕਿ, ਜਿਵੇਂ ਮਲਕਿ-ਸਿਦਕ (14:18-20), ਬਿਲਆਮ (ਗਿਣਤੀ 22–24) ਅਤੇ ਫ਼ਿਰਊਨ ਨਕੋ (2 ਇਤਹਾਸ 35:22) ਨਾਲ ਹੈ,[3] ਇਹ ਵਿਖਾਉਂਦਾ ਹੈ ਕਿ ਪੁਰਾਣੇ ਨੇਮ ਵਿੱਚ ਪਰਮੇਸ਼ੁਰ ਦੇ ਪਰਕਾਸ਼ ਤੇ ਅਬਰਾਹਾਮ ਅਤੇ ਉਸ ਦੀ ਅੰਸ ਦਾ

ਏਕਾਧਿਕਾਰ ਨਹੀਂ ਸੀ। ਕਹਾਣੀ ਇਹ ਖੁਲਾਸਾ ਨਹੀਂ ਕਰਦੀ ਪਰਮੇਸ਼ੁਰ ਦੇ ਆਪਣੇ ਆਪ ਨੂੰ ਰਾਜਾ ਤੇ ਪਰਗਟ ਕਰਨ ਤੋਂ ਪਹਿਲਾਂ ਕਿੰਨਾ ਸਮਾਂ ਬੀਤ ਚੁੱਕਾ ਸੀ। ਫਿਰ ਵੀ, 20:17, 18 ਵਿੱਚ ਇਹ ਕਹਿੰਦੀ ਹੈ ਕਿ ਯਹੋਵਾਹ ਨੇ ਅਬੀਮਲਕ ਦੇ ਘਰਾਣੇ ਦੀਆਂ ਸਾਰੀਆਂ ਤੀਵੀਆਂ ਦੀਆਂ ਕੁੱਖਾਂ ਨੂੰ ਬੰਦ ਕਰ ਦਿੱਤਾ, ਇਸ ਲਈ ਕਿਸੇ ਨੂੰ ਗਰਭ ਨਹੀਂ ਠਹਿਰਿਆ। ਇਹ ਵੇਰਵਾ ਪਰਤੱਖ ਰੂਪ ਵਿੱਚ ਇਹ ਸੁਝਾਅ ਦਿੰਦਾ ਹੈ ਕਿ ਅਬੀਮਲਕ ਦੇ ਸਾਰਾਹ ਨੂੰ ਮੰਗਵਾਉਣ ਅਤੇ ਇੱਕ ਸੁਫ਼ਨੇ ਵਿੱਚ ਪਰਮੇਸ਼ੁਰ ਦੇ ਉਸ ਨੂੰ ਦਰਸ਼ਨ ਦੇਣ ਵਿਚਕਾਰ ਜੋ ਸਮਾਂ ਸੀ ਉਹ ਕਈ ਮਹੀਨਿਆਂ ਦਾ ਸੀ। ਸੰਭਵ ਤੌਰ ਤੇ ਸਾਰੀਆਂ ਔਰਤਾਂ ਨੂੰ ਇਹ ਸਮਝਣ ਵਿੱਚ ਸਮਾਂ ਲੱਗਾ ਸੀ ਕਿ ਉਹ ਗਰਭਵਤੀ ਨਹੀਂ ਹੋ ਸਕਦੀਆਂ।

ਪਰਮੇਸ਼ੁਰ ਨੇ ਖੁੱਲ੍ਹੇ ਆਮ ਰਾਜਾ ਨੂੰ ਦਿਲ ਨੂੰ ਦਹਿਲਾ ਦੇਣ ਵਾਲੀ ਗੱਲ ਕਹਿ ਕੇ ਚਿਤਾਵਨੀ ਦਿੱਤੀ ਸੀ: **ਵੇਖ ਤੂੰ ਏਸ ਤੀਵੀਂ ਦੇ ਕਾਰਨ ਜਿਹ ਨੂੰ ਤੂੰ ਲਿਆ ਹੈ ਮਰਨ ਵਾਲਾ ਹੈਂ ਕਿਉਂਜੋ ਉਹ ਵਿਆਹੀ ਹੋਈ ਹੈ।** ਪੂਰੇ ਪ੍ਰਾਚੀਨ ਸੰਸਾਰ ਵਿੱਚ, ਹਰਾਮਕਾਰੀ ਦੀ ਸਜ਼ਾ ਮੌਤ ਸੀ ਅਤੇ ਇਹੋ ਜਿਹੀ ਸਜ਼ਾ ਨੂੰ ਬਾਅਦ ਵਿੱਚ ਮੂਸਾ ਦੀ ਸ਼ਰਾ ਵਿੱਚ ਸ਼ਾਮਲ ਕੀਤਾ ਗਿਆ ਸੀ (ਲੇਵੀਆਂ 20:10; ਬਿਵਸਥਾ ਸਾਰ 22:22)। ਇਸ ਤੋਂ ਇਲਾਵਾ, ਇਹ ਘਟਨਾ ਸਾਨੂੰ ਉਨ੍ਹਾਂ ਬਵਾਂ ਨੂੰ ਚੇਤੇ ਕਰਾਉਂਦੀ ਹੈ ਜੋ ਫ਼ਿਰਾਊਨ ਦੇ ਘਰਾਣੇ ਤੇ ਪਈਆਂ ਜਦੋਂ ਉਸ ਨੇ ਉਤਪਤ 12:17 ਵਿੱਚ ਸਾਰਾਹ ਨੂੰ ਮੰਗਵਾ ਲਿਆ। ਫ਼ਿਰਾਊਨ ਅਤੇ ਅਬੀਮਲਕ ਦੋਹਾਂ ਨੇ ਰੱਬੀ ਸਰਾਪਾਂ ਦਾ ਅਨੁਭਵ ਕੀਤਾ ਸੀ (ਵੇਖੋ 12:3)। ਦੋਹਾਂ ਨੇ ਅਬਰਾਹਾਮ ਦੀ ਤੀਵੀਂ ਨੂੰ ਲੈ ਕੇ ਅਬਰਾਹਾਮ ਨਾਲ ਇੱਕ ਗਲਤ ਸੰਬੰਧ ਬਣਾਇਆ ਸੀ।

**ਆਇਤ 4. ਅਬੀਮਲਕ** ਨੇ ਇਹ ਦਾਅਵਾ ਕਰਨ ਦੁਆਰਾ ਆਪਣੇ ਆਪ ਦਾ ਬਚਾਅ ਕੀਤਾ ਕਿ ਮੈਂ **ਉਹ ਦੇ ਨੇੜੇ ਨਹੀਂ ਗਿਆ**। ਇਬਰਾਨੀ ਸ਼ਬਦ קָרַב (*ਕਾਰਬ*) ਦਾ ਅਰਥ ਹੈ "ਪਹੁੰਚਣਾ" ਜਾਂ "ਨੇੜੇ ਆਉਣਾ"; ਫਿਰ ਵੀ, ਇਸ ਤਰ੍ਹਾਂ ਦੇ ਸੰਦਰਭ ਵਿੱਚ, ਇਹ ਸੰਭੋਗ ਵਾਲੀ ਮੁਲਾਕਾਤ ਦਾ ਹਵਾਲਾ ਦਿੰਦਾ ਹੈ (ਲੇਵੀਆਂ 18:6, 14, 19; ਬਿਵਸਥਾ ਸਾਰ 22:14; ਯਸਾਯਾਹ 8:3), ਜਿਸ ਦਾ ਰਾਜਾ ਨੇ ਸਾਰਾਹ ਨਾਲ ਕਰਨ ਦਾ ਦ੍ਰਿੜ੍ਹਤਾਪੂਰਵਕ ਇਨਕਾਰ ਕੀਤਾ।

ਫਿਰ ਰਾਜਾ ਨੇ **ਯਹੋਵਾਹ**[4] ਨੂੰ ਪੁੱਛਿਆ ਕਿ ਕੀ ਤੂੰ **ਇੱਕ ਧਰਮੀ ਕੌਮ ਨੂੰ ਵੀ ਮਾਰ ਸੁੱਟੇਂਗਾ?** ਹੋ ਸਕਦਾ ਹੈ ਕਿ ਅਬੀਮਲਕ ਨੇ ਖੁਦ ਦੀ ਬਜਾਇ "ਕੌਮ" ਦਾ ਹਵਾਲਾ ਦਿੱਤਾ ਸੀ ਕਿਉਂਕਿ ਪ੍ਰਾਚੀਨ ਲੋਕ ਸਮਝਦੇ ਸਨ ਕਿ ਉਨ੍ਹਾਂ ਦੇ ਰਾਜਾ ਨੂੰ ਦਿੱਤੀ ਜਾਣ ਵਾਲੀ ਕੋਈ ਵੀ ਰੱਬੀ ਸਜ਼ਾ ਪੂਰੀ ਕੌਮ ਤੇ ਵੀ ਆ ਪਵੇਗੀ। ਕਿਉਂਕਿ ਪਰਮੇਸ਼ੁਰ ਦਾ ਸਰਾਪ ਪਹਿਲਾਂ ਤੋਂ ਹੀ ਰਾਜਾ ਦੀ ਤੀਵੀਂ ਅਤੇ ਉਸ ਦੇ ਘਰਾਣੇ ਦੀਆਂ ਹੋਰਨਾਂ ਔਰਤਾਂ ਤੇ ਪੈ ਚੁੱਕਾ ਦੀ (20:17, 18), ਅਬੀਮਲਕ ਨੂੰ ਡਰ ਸੀ ਕਿ ਕਿਤੇ ਯਹੋਵਾਹ ਉਸ ਦੇ ਸਾਰੇ ਲੋਕਾਂ ਨੂੰ ਨਾਸ ਨਾ ਕਰ ਦੇਵੇ। ਉਸ ਦੀ ਬੇਨਤੀ ਇਹ ਸੀ ਕਿ ਉਹ ਅਤੇ ਉਸ ਦੀ ਕੌਮ ਦੋਵੇਂ ਹੀ ਇਸ ਮਾਮਲੇ ਵਿੱਚ ਨਿਰਦੋਸ਼ ਸਨ ਅਤੇ ਨਾਸ ਹੋਣ ਲਾਇਕ ਨਹੀਂ ਸਨ, ਕਿਉਂਕਿ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਇਸ ਗੱਲ ਦਾ ਪਤਾ ਨਹੀਂ ਸੀ ਕਿ ਸਾਰਾਹ ਵਿਆਹੀ ਹੋਈ ਹੈ।

**ਆਇਤ 5.** ਰਾਜਾ ਨੇ ਅਬਰਾਹਾਮ ਦੀ ਕਹੀ ਹੋਈ ਗੱਲ ਕਿ **ਏਹ ਮੇਰੀ ਭੈਣ ਹੈ** (20:2) ਅਤੇ ਸਾਰਾਹ ਦੇ ਇਸ ਦਾਅਵੇ ਨੂੰ ਕਿ **ਮੈਂ ਉਹ ਦੀ ਭੈਣ ਹਾਂ** (ਵੇਖੋ 12:13) ਚੇਤੇ ਕਰਦੇ ਹੋਏ, ਆਪਣੀ ਗੱਲ ਤੇ ਜ਼ੋਰ ਦਿੱਤਾ। ਉਸ ਨੇ ਦਾਅਵੇ ਨਾਲ ਕਿਹਾ ਕਿ ਪਰਮੇਸ਼ੁਰ ਨੂੰ ਇਸ ਪੂਰੇ ਮਾਮਲੇ ਵਿੱਚ [ਅਬੀਮਲਕ] ਦੇ **ਦਿਲ ਦੀ ਸਿਧਿਆਈ ਅਰ** [ਅਬੀਮਲਕ] **ਦੇ ਹੱਥਾਂ ਦੀ ਨਿਰਮਲਤਾਈ** ਨੂੰ ਪਛਾਣਨਾ ਚਾਹੀਦਾ ਹੈ। ਇੱਥੇ ਅਨੁਵਾਦ ਕੀਤੇ ਗਏ "ਸਿਧਿਆਈ" (תֹּם, *ਥੋਮ*) ਸ਼ਬਦ ਦਾ ਅਰਥ ਇਹ ਹੈ ਕਿ ਰਾਜਾ ਦਾ ਦਿਲ "ਸਿੱਧ" ਜਾਂ "ਨਿਰਦੋਸ਼" ਸੀ (ਵੇਖੋ 6:9) ਅਤੇ ਇਸ ਦਾ

ਅਰਥ ਇਹ ਹੈ ਕਿ ਉਸ ਦੇ ਕੰਮ ਕਿਸੇ ਵੀ ਅਯੋਗ ਉਦੇਸ਼ ਤੋਂ ਬਿਨਾਂ ਸਨ। "ਹੱਥਾਂ ਦੀ ਨਿਰਮਲਤਾਈ" ਪਾਕ ਹੱਥਾਂ ਦਾ ਹਵਾਲਾ ਦਿੰਦੀ ਹੈ (ਜ਼ਬੂਰਾਂ 24:4; 26:6; 73:13) ਜਿਵੇਂ ਕਿ ਇਸ ਸ਼ਬਦ ਦਾ ਅਰਥ ਹੈ "ਪਾਪ ਰਹਿਤ ਵਿਹਾਰ।" ਅਬੀਮਲਕ ਇਹ ਦਾਅਵਾ ਕਰ ਰਿਹਾ ਸੀ ਕਿ ਸਾਰਾਹ ਦੇ ਸੰਬੰਧ ਵਿੱਚ ਵਿਚਾਰ ਅਤੇ ਕੰਮ ਦੋਹਾਂ ਵਿੱਚ, ਉਸ ਦਾ ਕੋਈ ਵੀ ਬੁਰਾ ਇਰਾਦਾ ਨਹੀਂ ਸੀ ਅਤੇ ਉਹ ਦੋਸ਼ ਤੋਂ ਮੁਕਤ ਸੀ।

**ਆਇਤ 6. ਪਰਮੇਸ਼ੁਰ ਨੇ ਸੁਫਨੇ ਵਿੱਚ** ਅਬੀਮਲਕ ਨਾਲ ਗੱਲ ਕੀਤੀ ਅਤੇ ਉਸ ਨੂੰ ਭਰੋਸਾ ਦਿਵਾਇਆ ਕਿ ਉਸ ਇਹ ਸੱਚਾਈ ਜਾਣਦਾ ਹੈ ਕਿ ਰਾਜਾ ਨੇ **ਦਿਲ ਦੀ ਸਿਧਿਆਈ** (ਸੰਪੂਰਣਤਾ) ਨਾਲ ਕੰਮ ਕੀਤਾ ਸੀ ਜਦੋਂ ਉਹ ਸਾਰਾਹ ਨੂੰ ਆਪਣੇ ਘਰ ਲੈ ਗਿਆ ਸੀ। ਯਹੋਵਾਹ ਨਾ ਸਿਰਫ ਇਹ ਜਾਣਦਾ ਸੀ, ਪਰ ਉਸ ਨੇ ਇਹ ਵੀ ਕਿਹਾ, **ਮੈਂ ਤੈਨੂੰ ਆਪਣੇ ਵਿਰੁੱਧ ਪਾਪ ਕਰਨ ਤੋਂ ਰੋਕਿਆ ਹੈ।** ਬਾਅਦ ਵਿੱਚ ਕਹੀ ਗਈ ਇਹ ਗੱਲ ਹਰਾਮਕਾਰੀ ਦੀ ਗੰਭੀਰਤਾ ਤੇ ਜ਼ੋਰ ਦਿੰਦੀ ਹੈ। ਅਜਿਹਾ ਅਪਰਾਧ ਨਾ ਸਿਰਫ ਸਾਰਾਹ ਅਤੇ ਅਬਰਾਹਾਮ ਵਿਰੁੱਧ ਕੀਤਾ ਜਾਣਾ ਵਾਲਾ ਕੰਮ ਹੋਣਾ ਸੀ; ਬਲਕਿ, ਇਹ ਮੂਲ ਰੂਪ ਵਿੱਚ ਪਰਮੇਸ਼ੁਰ ਦੇ ਵਿਰੁੱਧ ਕੀਤਾ ਜਾਣ ਵਾਲਾ ਕੰਮ ਹੋਣਾ ਸੀ ਜਿਹੜਾ ਵਿਆਹ ਵਾਲੇ ਸੰਬੰਧ ਦਾ ਆਧਾਰ ਅਤੇ ਨੀਂਹ ਹੈ (2:18-25)। ਇਹ ਇਹ ਵੀ ਵਿਖਾਉਂਦਾ ਹੈ ਕਿ ਪਰਮੇਸ਼ੁਰ ਹੀ ਹੈ ਜਿਸ ਨੇ ਅਬੀਮਲਕ ਨੂੰ ਸਾਰਾਹ ਦੇ ਲਈ ਯੌਨ ਇੱਛਾ ਰੱਖਣ ਤੋਂ ਰੋਕ ਕੇ ਰੱਖਿਆ ਇਸ ਲਈ **ਉਸ ਨੇ** [ਅਬੀਮਲਕ] **ਨੂੰ ਉਹ ਨੂੰ ਛੋਹਣ** ਨਹੀਂ ਦਿੱਤਾ ਅਤੇ ਉਸ ਨੂੰ ਮੌਤ ਦੇ ਯੋਗ ਕੋਈ ਕੰਮ ਨਹੀਂ ਕਰਨ ਦਿੱਤਾ।

**ਆਇਤ 7.** ਹੁਣ ਜਦ ਪਰਮੇਸ਼ੁਰ ਨੇ ਅਬੀਮਲਕ ਨੂੰ ਸੰਕਟ ਦੇ ਸੱਚੇ ਸੁਭਾਅ ਬਾਰੇ ਦੱਸ ਦਿੱਤਾ ਜਿਸ ਦਾ ਉਸ ਨੇ ਅਤੇ ਉਸ ਦੇ ਲੋਕਾਂ ਨੇ ਸਾਰਾਹ, ਕਿਸੇ ਹੋਰ ਆਦਮੀ ਦੀ ਤੀਵੀਂ ਦੇ ਸੰਦਰਭ ਵਿੱਚ ਸਾਹਮਣਾ ਕੀਤਾ ਸੀ, ਉਸ ਨੇ ਉਮੀਦ ਕੀਤੀ ਸੀ ਕਿ ਰਾਜਾ ਉਸ ਜਾਣਕਾਰੀ ਤੇ ਅਮਲ ਕਰੇ। ਇਹ ਗੈਰ-ਯਹੂਦੀ ਹਾਕਮ ਉਸ ਸਥਿਤੀ ਨੂੰ ਇਹ ਕਹਿ ਕੇ ਸਿੱਧ ਕਰ ਸਕਦਾ ਸੀ ਕਿ ਉਸ ਨੂੰ ਸਾਰਾਹ ਨੂੰ ਰੱਖਣ ਦਾ ਪੂਰਾ ਹੱਕ ਸੀ ਕਿਉਂਕਿ ਅਬਰਾਹਾਮ ਨੇ ਉਸ ਨਾਲ ਝੂਠ ਬੋਲਿਆ ਸੀ। ਇਹ ਹੋਣ ਤੋਂ ਰੋਕਣ ਦੇ ਲਈ, ਪਰਮੇਸ਼ੁਰ ਨੇ ਅਬੀਮਲਕ ਨੂੰ ਕਿਹਾ ਕਿ ਅਬਰਾਹਾਮ ਦੀ ਪਤਨੀ ਸਾਰਾਹ ਨੂੰ ਉਹ ਦੇ ਪਤੀ ਨੂੰ ਮੋੜ ਦਿਹ **ਕਿਉਂਜੋ ਉਹ ਨਬੀ ਹੈ ਅਰ ਉਹ ਤੇਰੇ ਲਈ ਬੇਨਤੀ ਕਰੇਗਾ ਅਤੇ ਤੂੰ ਜੀਉਂਦਾ ਰਹੇਂਗਾ।**

ਇੱਥੇ ਵਚਨ ਵਿੱਚ ਪਹਿਲੀ ਵਾਰ "ਨਬੀ" ਸ਼ਬਦ ਵਰਤਿਆ ਗਿਆ ਹੈ। ਇੱਥੇ, ਇਹ ਉਹ ਵਿਅਕਤੀ ਦਾ ਹਵਾਲਾ ਦਿੰਦਾ ਹੈ ਜਿਹੜਾ ਪ੍ਰਾਰਥਨਾ ਵਿੱਚ ਦੂਜਿਆਂ ਦੇ ਲਈ ਸਿਫਾਰਸ਼ ਕਰਦਾ ਹੈ। ਅੱਗੇ ਆਉਣ ਵਾਲੇ ਨਬੀਆਂ – ਮੂਸਾ, ਸਮੂਏਲ, ਯਿਰਮਿਯਾਹ, ਆਮੋਸ ਅਤੇ ਹੋਰਨਾਂ – ਨੇ ਇਸਰਾਏਲੀਆਂ ਦੇ ਲਈ ਪ੍ਰਾਰਥਨਾ ਕੀਤੀ। ਫਿਰ ਵੀ, ਯਹੋਵਾਹ ਨੇ ਮੁੱਖ ਰੂਪ ਵਿੱਚ ਨਬੀਆਂ ਨੂੰ ਲੋਕਾਂ ਨੂੰ ਢੁਕਵੇਂ ਸੰਦੇਸ਼ਾਂ ਦਾ ਪ੍ਰਚਾਰ ਕਰਨ ਦੇ ਲਈ ਬੁਲਾਇਆ ਸੀ, ਉਨ੍ਹਾਂ ਨੂੰ ਧਰਮੀ ਜੀਵਨ ਜੀਉਣ ਦਾ ਮਾਰਗ ਦਰਸ਼ਣ ਦਿੱਤਾ, ਉਨ੍ਹਾਂ ਨੂੰ ਉਨ੍ਹਾਂ ਦੇ ਪਾਪ ਬਾਰੇ ਕਾਇਲ ਕੀਤਾ ਜਦੋਂ ਉਹ ਅਸਫ਼ਲ ਹੋਏ, ਉਨ੍ਹਾਂ ਨੂੰ ਆਉਣ ਵਾਲੀ ਤਬਾਹੀ ਦੇ ਬਾਰੇ ਚਿਤਾਵਨੀ ਦਿੱਤੀ ਜੇਕਰ ਉਹ ਬਗਾਵਤ ਕਰਨ ਤੇ ਅੜੇ ਰਹੇ ਅਤੇ ਉਨ੍ਹਾਂ ਨੂੰ ਭਵਿੱਖ ਦੇ ਲਈ ਆਸ ਦਿੱਤੀ ਜੇਕਰ ਉਹ ਤੋਬਾ ਕਰਨ ਅਤੇ ਉਸ ਦੇ ਵੱਲ ਮੁੜਨ। ਅਬਰਾਹਾਮ ਨੇ ਪਹਿਲਾਂ ਵੀ ਸਦੂਮ ਦੀ ਖ਼ਾਤਰ ਸਿਫਾਰਸ਼ ਕਰਨ ਵਾਲੇ ਦੇ ਰੂਪ ਵਿੱਚ ਕੰਮ ਕੀਤਾ ਸੀ (ਵੇਖੋ 18:23-33) ਅਤੇ ਹੁਣ ਪਰਮੇਸ਼ੁਰ ਨੇ ਅਬੀਮਲਕ ਨਾਲ ਵਾਅਦਾ ਕੀਤਾ ਕਿ ਉਹ ਉਸੇ ਤਰ੍ਹਾਂ ਦੇ ਨਬੂਵਤੀ ਕੰਮ ਕਰੇਗਾ ਤਾਂ ਕਿ ਉਹ ਅਤੇ ਉਸ ਦੇ ਲੋਕ ਜੀਉਂਦੇ ਰਹਿ ਸਕਣ। ਜ਼ੋਰ ਦੇਣ ਦੇ ਲਈ, ਉਸ ਨੇ ਰਾਜੇ ਨੂੰ ਇਹ ਚਿਤਾਵਨੀ ਵੀ ਦਿੱਤੀ ਕਿ **ਜੇ** ਤੂੰ ਸਾਰਾਹ ਨੂੰ ਅਬਰਾਹਾਮ ਨੂੰ **ਨਾ ਮੋੜੇਂ, ਤੂੰ ਅਰ ਸਾਰੇ ਜੋ ਤੇਰੇ ਹਨ ਜ਼ਰੂਰ ਮਰਨਗੇ**।

# ਅਬਰਾਹਾਮ ਨਾਲ ਅਬੀਮਲਕ ਦਾ ਸਮਝੌਤਾ (20:8-18)

**[8]ਤਾਂ ਅਬੀਮਲਕ ਸਵੇਰੇ ਹੀ ਉੱਠਿਆ ਅਰ ਆਪਣੇ ਸਾਰੇ ਟਹਿਲੂਆਂ ਨੂੰ ਬੁਲਾਕੇ ਉਨ੍ਹਾਂ ਦੇ
ਕੰਨਾਂ ਵਿੱਚ ਏਹ ਸਾਰੀਆਂ ਗੱਲਾਂ ਪਾਈਆਂ ਤਾਂ ਓਹ ਮਨੁੱਖ ਬਹੁਤ ਹੀ ਡਰ ਗਏ। [9]ਅਬੀਮਲਕ ਨੇ
ਅਬਰਾਹਾਮ ਨੂੰ ਬੁਲਵਾਕੇ ਆਖਿਆ, ਤੈਂ ਸਾਡੇ ਨਾਲ ਏਹ ਕੀ ਕੀਤਾ? ਮੈਂ ਤੇਰਾ ਕੀ ਪਾਪ ਕੀਤਾ
ਕਿ ਤੂੰ ਮੇਰੇ ਉੱਤੇ ਅਰ ਮੇਰੀ ਬਾਦਸ਼ਾਹੀ ਉੱਤੇ ਇਹ ਵੱਡਾ ਪਾਪ ਲੈ ਆਂਦਾ ਹੈ? ਇਹ ਕਰਤੂਤ
ਜਿਹੜੀ ਤੈਨੂੰ ਨਹੀਂ ਕਰਨੀ ਚਾਹੀਦੀ ਸੀ ਤੈਂ ਮੇਰੇ ਨਾਲ ਕੀਤੀ। [10]ਤਾਂ ਅਬੀਮਲਕ ਨੇ ਅਬਰਾਹਾਮ
ਨੂੰ ਆਖਿਆ, ਤੈਂ ਕੀ ਵੇਖਿਆ, ਭਈ ਤੈਂ ਇਹ ਗੱਲ ਕੀਤੀ [11]ਤਾਂ ਅਬਰਾਹਾਮ ਨੇ ਆਖਿਆ ਏਸ
ਲਈ ਕਿ ਮੈਂ ਆਖਿਆ ਭਈ ਪਰਮੇਸ਼ੁਰ ਦਾ ਡਰ ਏਸ ਥਾਂ ਜ਼ਰੂਰ ਨਹੀਂ ਹੈ ਅਰ ਓਹ ਮੇਰੀ ਪਤਨੀ
ਦੀ ਖ਼ਾਤਰ ਮੈਨੂੰ ਮਾਰ ਸੁੱਟਣਗੇ। [12]ਪਰ ਉਹ ਸੱਚ ਮੁੱਚ ਮੇਰੀ ਭੈਣ ਹੈ। ਉਹ ਮੇਰੇ ਪਿਤਾ ਦੀ ਧੀ ਹੈ
ਪਰ ਮੇਰੀ ਮਾਤਾ ਦੀ ਧੀ ਨਹੀਂ ਹੈ ਫੇਰ ਉਹ ਮੇਰੀ ਪਤਨੀ ਹੋ ਗਈ। [13]ਐਉਂ ਹੋਇਆ ਕਿ ਜਦ
ਪਰਮੇਸ਼ੁਰ ਨੇ ਮੇਰੇ ਪਿਤਾ ਦੇ ਘਰ ਤੋਂ ਮੈਨੂੰ ਐਧਰ ਔਧਰ ਘੁਮਾਇਆ ਤਾਂ ਮੈਂ ਏਹ ਨੂੰ ਆਖਿਆ
ਭਈ ਏਹ ਤੇਰੀ ਦਯਾ ਹੋਵੇਗੀ ਜੋ ਤੂੰ ਮੇਰੇ ਉੱਤੇ ਕਰੇਂ। ਹਰ ਥਾਂ ਜਿੱਥੇ ਅਸੀਂ ਜਾਈਏ ਤੂੰ ਮੇਰੇ ਵਿਖੇ
ਆਖੀਂ ਕਿ ਇਹ ਮੇਰਾ ਭਰਾ ਹੈ। [14]ਉਪਰੰਤ ਅਬੀਮਲਕ ਨੇ ਇੱਜੜ ਅਰ ਪਸੂ ਅਰ ਗੋੱਲੇ ਗੋੱਲੀਆਂ
ਲੈਕੇ ਅਬਰਾਹਾਮ ਨੂੰ ਦਿੱਤੇ ਅਰ ਉਹ ਨੂੰ ਸਾਰਾਹ ਉਹ ਦੀ ਪਤਨੀ ਵੀ ਮੋੜ ਦਿੱਤੀ। [15]ਨਾਲੇ
ਅਬੀਮਲਕ ਨੇ ਆਖਿਆ, ਵੇਖ ਮੇਰਾ ਦਾਸ ਤੇਰੇ ਅੱਗੇ ਹੈ। ਜਿੱਥੇ ਤੇਰੀ ਨਿਗਾਹ ਵਿੱਚ ਚੰਗਾ ਲੱਗੇ
ਉੱਥੇ ਵੱਸ। [16]ਅਤੇ ਸਾਰਾਹ ਨੂੰ ਉਸ ਨੇ ਆਖਿਆ ਵੇਖ ਮੈਂ ਤੇਰੇ ਭਰਾ ਨੂੰ ਇੱਕ ਹਜ਼ਾਰ ਚਾਂਦੀ ਦੇ
ਟਕੇ ਦਿੱਤੇ। ਵੇਖ ਓਹ ਤੇਰੇ ਲਈ ਅਰ ਸਾਰਿਆਂ ਲਈ ਜੋ ਤੇਰੇ ਸੰਗ ਹਨ ਅੱਖੀਆਂ ਦਾ ਪੜਦਾ
ਹੋਣਗੇ ਅਤੇ ਐਉਂ ਹਰ ਤਰਾਂ ਤੇਰੀ ਦਾਦ ਰਸੀ ਹੋਵੇਗੀ। [17]ਤਾਂ ਅਬਰਾਹਾਮ ਨੇ ਪਰਮੇਸ਼ੁਰ ਅੱਗੇ
ਬੇਨਤੀ ਕੀਤੀ ਅਰ ਪਰਮੇਸ਼ੁਰ ਨੇ ਅਬੀਮਲਕ ਅਰ ਉਸ ਦੀ ਤੀਵੀਂ ਅਰ ਉਸ ਦੀਆਂ ਗੋੱਲੀਆਂ
ਨੂੰ ਚੰਗਾ ਕਰ ਦਿੱਤਾ ਅਤੇ ਓਹ ਫੇਰ ਜਣਨ ਲੱਗ ਪਈਆਂ। [18]ਕਿਉਂਕਿ ਯਹੋਵਾਹ ਨੇ ਅਬੀਮਲਕ
ਦੇ ਘਰਾਣੇ ਦੀ ਹਰ ਕੁੱਖ ਨੂੰ ਸਾਰਾਹ ਅਬਰਾਹਾਮ ਦੀ ਪਤਨੀ ਦੇ ਕਾਰਨ ਸਖ਼ਤੀ ਨਾਲ ਬੰਦ ਕਰ
ਛੱਡਿਆ ਸੀ।**

**ਆਇਤ 8.** ਪਰਮੇਸ਼ੁਰ ਵੱਲੋਂ ਭਿਆਣਕ ਚਿਤਾਵਨੀ ਪ੍ਰਾਪਤ ਕਰਨ ਤੋਂ ਬਾਅਦ, **ਅਬੀਮਲਕ** ਨੇ ਜ਼ਰਾ ਵੀ ਸਮਾਂ ਵਿਅਰਥ ਨਹੀਂ ਕੀਤਾ। **ਅਬੀਮਲਕ ਸਵੇਰੇ ਹੀ ਉੱਠਿਆ ਅਰ ਆਪਣੇ ਸਾਰੇ ਟਹਿਲੂਆਂ ਨੂੰ ਬੁਲਾਇਆ** ਅਤੇ ਉਨ੍ਹਾਂ ਨੂੰ ਯਹੋਵਾਹ ਦੀ ਚਿਤਾਵਨੀ ਦੇ ਬਾਰੇ ਦੱਸਿਆ। ਉਹ ਦੇ ਮਨੁੱਖ ਇਹ ਖ਼ਬਰ ਸੁਣ ਕੇ **ਬਹੁਤ ਹੀ ਡਰ ਗਏ**। ਇਸ ਦੇ ਕਾਰਣ ਅਜਿਹੀ ਹਲਚਲ ਮੱਚ ਗਈ ਕਿ ਰਾਜੇ ਦੇ ਨੌਕਰਾਂ ਨੇ ਅਬਰਾਹਾਮ ਨੂੰ ਉਨ੍ਹਾਂ ਦੇ ਸੁਆਮੀ ਦੇ ਅੱਗੇ ਪੇਸ਼ ਹੋਣ ਦੇ ਲਈ ਬੁਲਾਇਆ।

**ਆਇਤ 9.** ਅਬੀਮਲਕ ਨੇ ਪੁਰਖੇ ਨੂੰ ਪੁੱਛਗਿੱਛ ਕੀਤੀ ਅਤੇ ਕਈ ਸਵਾਲ ਪੁੱਛੇ ਜਿਨ੍ਹਾਂ ਦੀ ਸ਼ੁਰੂਆਤ ਉਸ ਨੇ ਇਸ ਸਵਾਲ ਨਾਲ ਕੀਤੀ ਕਿ **ਤੈਂ ਸਾਡੇ ਨਾਲ ਏਹ ਕੀ ਕੀਤਾ?** ਇਹ ਪਹਿਲਾ ਸਵਾਲ ਸੁਭਾਅ ਵਿੱਚ ਅਲੰਕਾਰਕ ਸੀ, ਕਿਉਂਕਿ ਰਾਜੇ ਦੀ ਅਦਾਲਤ ਵਿੱਚ ਸਾਰੇ ਅਬਰਾਹਾਮ ਦੇ ਧੋਖੇ ਅਤੇ ਉਸ ਮੌਤ ਦੇ ਖ਼ਤਰੇ ਬਾਰੇ ਜਾਣਦੇ ਸਨ ਜੋ ਉਨ੍ਹਾਂ ਦੇ ਸਿਰ ਤੇ ਲਟਕ ਰਿਹਾ ਸੀ। ਮਿਸਰ ਦੇ ਫ਼ਿਰਾਊਨ ਨੇ, ਅਜਿਹੀ ਸਥਿਤੀ ਵਿੱਚ, ਸਾਰਾਹ ਦੇ ਕਥਿਤ ਭਰਾ ਨੂੰ ਇਸੇ ਕਿਸਮ ਦਾ ਸਵਾਲ ਪੁੱਛਿਆ ਸੀ (12:18)।

ਅਬਰਾਹਾਮ ਨੂੰ ਜਵਾਬ ਦੇਣ ਦਾ ਸਮਾਂ ਦਿੱਤੇ ਬਿਨਾਂ, ਰਾਜੇ ਨੇ ਇਹ ਪੁੱਛਣ ਦੁਆਰਾ ਆਪਣੀ ਗੱਲ ਨੂੰ ਜਾਰੀ ਰੱਖਿਆ, **ਮੈਂ ਤੇਰਾ ਕੀ ਪਾਪ ਕੀਤਾ ਕਿ ਤੂੰ ਮੇਰੇ ਉੱਤੇ ਅਰ ਮੇਰੀ ਬਾਦਸ਼ਾਹੀ ਉੱਤੇ**

**ਇਹ ਵੱਡਾ ਪਾਪ ਲੈ ਆਂਦਾ ਹੈ?** "ਪਾਪ" ਦੇ ਲਈ ਜਿਹੜਾ ਸ਼ਬਦ ਵਰਤਿਆ ਗਿਆ ਹੈ ਉਹ ਹੈ חֲטָאָה (*ਚੱਟਾਹ*) ਜਿਸ ਦੇ ਵਿੱਚ "ਅਪਰਾਧ" ਜਾਂ "ਜੁਰਮ" ਦਾ ਵਿਚਾਰ ਹੋ ਸਕਦਾ ਹੈ, ਕਿਉਂਕਿ ਹਰਾਮਕਾਰੀ ਦੇ ਅਪਰਾਧੀ ਨੂੰ ਪ੍ਰਾਚੀਨ ਪੱਛਮੀ ਮੂਲ ਲਿਖਤਾਂ ਵਿੱਚ "ਵੱਡੇ ਜੁਰਮ" ਦੇ "ਅਪਰਾਧੀ" ਵਜੋਂ ਵੇਖਿਆ ਜਾਂਦਾ ਸੀ।[5] ਇੱਕ ਭਾਵ ਵਿੱਚ, ਅਬੀਮਲਕ ਪੁੱਛ ਰਿਹਾ ਸੀ, "ਮੈਂ ਤੇਰੇ ਵਿਰੁੱਧ ਕੀ ਪਾਪ ਜਾਂ ਜੁਰਮ ਕੀਤਾ ਸੀ ਜੋ ਤੈਨੂੰ ਮੇਰੇ ਅਤੇ ਮੇਰੇ ਲੋਕਾਂ ਤੇ ਕਾਰਵਾਈ ਕਰਨ ਦੇ ਲਈ ਅਜਿਹਾ ਅਪਰਾਧ ਲਿਆਉਣ ਦਾ ਕਾਰਣ ਬਣਿਆ?"

ਇੱਕ ਵਾਰ ਫੇਰ, ਅਬਰਾਹਾਮ ਨੂੰ ਜਵਾਬ ਦੇਣ ਦਾ ਸਮਾਂ ਨਹੀਂ ਸੀ ਦਿੱਤਾ ਗਿਆ, ਕਿਉਂਕਿ ਇਹ ਸਪੱਸ਼ਟ ਸੀ ਕਿ ਮੂਲ ਪਾਪ ਉਸ ਦਾ ਸੀ। ਅਬਰਾਹਾਮ ਦੇ ਝੂਠ ਬੋਲਣ ਤੋਂ ਬਾਅਦ ਹੀ ਅਬੀਮਲਕ ਸਾਰਾਹ ਨੂੰ ਆਪਣੇ ਘਰ ਵਿੱਚ ਲੈ ਕੇ ਗਿਆ ਸੀ। ਇਸ ਲਈ, ਰਾਜਾ ਨੇ ਆਪਣੀ ਤਿੱਖੀ ਫਿਟਕਾਰ ਨੂੰ ਜਾਰੀ ਰੱਖਿਆ: **ਇਹ ਕਰਤੂਤ ਜਿਹੜੀ ਤੈਨੂੰ ਨਹੀਂ ਕਰਨੀ ਚਾਹੀਦੀ ਸੀ ਤੈਂ ਮੇਰੇ ਨਾਲ ਕੀਤੀ।** ਬੇਸ਼ੱਕ, ਇਹ ਗੱਲ ਸੱਚ ਸੀ। ਨਾ ਹੀ ਅਬੀਮਲਕ ਨਾ ਹੀ ਉਸ ਦੇ ਲੋਕਾਂ ਦਾ ਉਹ ਰੁਤਬਾ ਹੁੰਦਾ ਸੀ ਜੋ ਮਿਸਰੀਆਂ ਦਾ ਸੀ ਜਦੋਂ ਅਬਰਾਹਾਮ ਅਤੇ ਸਾਰਾਹ ਨੇ ਫ਼ਿਰਾਊਨ ਨੂੰ ਧੋਖਾ ਦਿੱਤਾ ਸੀ। ਇਸ ਰਾਜਾ ਨੇ ਪਰਦੇਸੀ ਨੂੰ ਦਿਆਲਗੀ ਵਿਖਾਈ ਸੀ ਅਤੇ ਉਸ ਨੂੰ ਦੇਸ ਵਿੱਚ ਰਹਿਣ ਦਿੱਤਾ ਸੀ, ਹਾਲਾਂਕਿ ਅਬਰਾਹਾਮ ਦੇ ਪਰਿਜਨ, ਉਸ ਦੀਆਂ ਭੇਡਾਂ ਬੱਕਰੀਆਂ ਅਤੇ ਇੱਜੜਾਂ ਸਮੇਤ, ਪਾਣੀ ਅਤੇ ਭੋਜਨ ਦੇ ਲਈ ਅਬੀਮਲਕ ਦੇ ਦੇਸ ਦੇ ਵਸਨੀਕਾਂ ਨਾਲ ਮੁਕਾਬਲਾ ਕਰਦੇ ਸਨ। ਰਾਜਾ ਨੇ ਉਮੀਦ ਕੀਤੀ ਸੀ ਕਿ ਇਹ ਅਜਨਬੀ ਕਿਰਪਾ ਨਾਲ ਜਵਾਬ ਦੇਵੇਗਾ ਅਤੇ ਉਸ ਦੇ ਅਤੇ ਉਸ ਦੇ ਰਾਜ ਦੇ ਲਈ ਚਿੰਤਾ ਵਿਖਾਵੇਗਾ।

**ਆਇਤ 10.** ਧਾਰਮਿਕ ਕ੍ਰੋਧ ਨਾਲ, ਰਾਜਾ ਨੇ ਮੰਗ ਕੀਤੀ ਕਿ ਅਬਰਾਹਾਮ ਉਸ ਦੇ ਸਵਾਲ ਦਾ ਜਵਾਬ ਦੇਵੇ: **ਤੈਂ ਕੀ ਵੇਖਿਆ ਭਈ ਤੈਂ ਇਹ ਗੱਲ ਕੀਤੀ?** ਇਸ ਸਵਾਲ ਵਿੱਚ ਇਬਰਾਨੀ ਸ਼ਬਦ רָאָה (*ਰਾਹ*, "ਵੇਖਣਾ") "ਵੇਖਿਆ" ਉੱਤਮ ਅਨੁਵਾਦ ਨਹੀਂ ਹੈ। KJV ਬਾਈਬਲ ਇਸ ਦਾ ਸ਼ਾਬਦਿਕ ਅਰਥ ਦਿੰਦੀ ਹੈ: "ਤੈਂ ਕੀ ਵੇਖਿਆ ਸੀ . . . ?" ਜਿਸ ਦੇ ਲਈ ਹਾਲੇ ਵੀ ਕਿਸੇ ਵਿਆਖਿਆ ਦੀ ਲੋੜ ਹੈ। NRSV ਬਾਈਬਲ ਮੂਲ ਲਿਖਤ ਦੇ ਅਰਥ ਦੇ ਕਾਫੀ ਨਜ਼ਦੀਕ ਹੈ ਜੋ ਕਹਿੰਦੀ ਹੈ ਕਿ "ਤੂੰ ਕਾਹਦੇ ਬਾਰੇ ਸੋਚ ਰਿਹਾ ਸੀ . . . ?" ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜੌਨ ਟੀ. ਵਿਲੀਜ ਨੇ ਸ਼ਾਬਦਿਕ ਅਨੁਵਾਦ ਅਤੇ ਇਸ ਸਵਾਲ ਦੀ ਇਬਰਾਨੀ ਵਿਆਖਿਆ ਦਾ ਇਹ ਅਰਥ ਦਿੰਦੇ ਹੋਏ ਇੱਕ ਚੰਗਾ ਸੰਤੁਲਨ ਬੈਠਾਇਆ ਹੈ ਕਿ "ਤੂੰ (ਪਹਿਲਾਂ ਤੋਂ ਹੀ) ਕੀ ਵੇਖਿਆ ਸੀ?" ਦੂਜੇ ਸ਼ਬਦਾਂ ਵਿੱਚ, ਅਬੀਮਲਕ ਪੁੱਛ ਰਿਹਾ ਸੀ, "ਤੂੰ ਕੀ ਹੋਣ ਦੀ ਉਮੀਦ ਕੀਤੀ ਸੀ ਜਿਸ ਦੇ ਕਾਰਣ ਤੂੰ ਇਹ ਝੂਠ ਬੋਲਿਆ?"[6] ਇਹ ਸਾਰਾ ਮਾਮਲਾ ਅਬੀਮਲਕ ਦੇ ਲਈ ਉਸ ਘਰਾਣੇ ਅਤੇ ਉਸ ਦੇ ਨੌਕਰਾਂ ਦੇ ਸਾਹਮਣੇ ਇੱਕ ਵੱਡੀ ਸ਼ਰਮਿੰਦਗੀ ਸੀ। ਆਮ ਹਾਲਾਤਾਂ ਵਿੱਚ, ਸ਼ਾਇਦ ਦੇ ਕਾਰਣ ਅਬਰਾਹਾਮ ਨੂੰ ਆਪਣੀ ਜਾਨ ਗੁਆਉਣੀ ਪੈਣੀ ਸੀ। ਹਾਲਾਂਕਿ ਰਾਜਾ ਪਰਮੇਸ਼ੁਰ ਦੀ ਚਿਤਾਵਨੀ ਦੇ ਕਾਰਣ ਪੁਰਖੇ ਨੂੰ ਸਜ਼ਾ ਦੇਣ ਤੋਂ ਡਰਦਾ ਸੀ, ਉਸ ਨੇ ਆਪਣੇ ਪ੍ਰਾਸੰਗਿਕ ਸਵਾਲਾਂ ਦੇ ਜਵਾਬ ਜਾਣਨ ਤੋਂ ਬਿਨਾਂ ਅਬਰਾਹਾਮ ਨੂੰ ਮਾਫ਼ ਨਾ ਕਰਨ ਦੀ ਠਾਣ ਲਈ ਸੀ। ਅੰਤ ਵਿੱਚ, ਰਾਜੇ ਨੇ ਦੋਸ਼ੀ ਨੂੰ ਬੋਲਣ ਦੀ ਇਜਾਜ਼ਤ ਦਿੱਤੀ।

**ਆਇਤ 11. ਤਾਂ ਅਬਰਾਹਾਮ** ਨੇ ਆਪਣਾ ਬਚਾਅ ਕਰਨਾ ਸ਼ੁਰੂ ਕੀਤਾ, ਉਸ ਨੇ ਪਹਿਲਾਂ ਆਪਣੇ ਆਪ ਦੀ ਨਿੰਦਾ ਕੀਤੀ, ਉਸ ਨੇ ਇਹ ਮੰਨ ਲਿਆ ਕਿ ਉਸ ਨੇ ਇਹ ਸੋਚਣ ਦੁਆਰਾ ਅਬੀਮਲਕ ਅਤੇ ਉਸ ਦੇ ਲੋਕਾਂ ਬਾਰੇ ਇਸ ਗੱਲ ਦਾ ਪੂਰਵ-ਅਨੁਮਾਨ ਲਗਾ ਲਿਆ ਸੀ ਕਿ **ਪਰਮੇਸ਼ੁਰ ਦਾ ਡਰ ਏਸ ਥਾਂ ਜ਼ਰੂਰ ਨਹੀਂ ਹੈ ਅਰ ਓਹ ਮੇਰੀ ਪਤਨੀ ਦੀ ਖ਼ਾਤਰ ਮੈਨੂੰ ਮਾਰ ਸੁੱਟਣਗੇ** (12:11, 12; 20:2 ਤੇ ਟਿੱਪਣੀਆਂ ਵੇਖੋ)। ਉਸ ਨੇ ਗਲਤੀ ਨਾਲ ਇਹ ਸਮਝਿਆ ਸੀ

ਇਨ੍ਹਾਂ ਲੋਕਾਂ ਵਿੱਚ ਮਨੁੱਖੀ ਜੀਵਨ ਜਾਂ ਮੂਲ ਨੈਤਿਕ ਸਿਧਾਂਤਾਂ ਦੀ ਕੋਈ ਇੱਜ਼ਤ ਨਹੀਂ ਹੈ। ਕਨਾਨ ਦੇ ਦੇਸ ਵਿੱਚ ਪੁਰਖੇ ਦਾ ਆਪਣੇ ਅਨੁਭਵ ਨੂੰ ਉਸ ਦੇ ਡਰ ਨੂੰ ਘੱਟ ਕਰਨਾ ਚਾਹੀਦਾ ਹੈ, ਕਿਉਂਕਿ ਉਹ ਉੱਥੇ ਲਗਭਗ ਪੰਝੀ ਸਾਲ ਰਿਹਾ ਸੀ ਅਤੇ ਪਹਿਲਾਂ ਕਦੇ ਇਸ ਤਰੀਕੇ ਨਾਲ ਉਸ ਨੂੰ ਨਹੀਂ ਸੀ ਡਰਾਇਆ-ਧਮਕਾਇਆ ਗਿਆ। ਇਸ ਸਮੁੱਚੇ ਸਮੇਂ ਵਿੱਚ ਅਸੀਂ ਉਸ ਦੇ ਲਈ ਸਿਰਫ ਇੱਕੋ ਸਰੀਰਕ ਖ਼ਤਰੇ ਤੋਂ ਜਾਣੂ ਹਾਂ: ਪੂਰਬ ਵੱਲੋਂ ਚਾਰ ਰਾਜਿਆਂ ਦੁਆਰਾ ਕੀਤਾ ਜਾਣ ਵਾਲਾ ਹਮਲਾ। ਫਿਰ ਵੀ, ਪਰਮੇਸ਼ੁਰ ਨੇ ਅਬਰਾਹਾਮ ਅਤੇ ਉਸ ਦੀ ਨਿੱਜੀ ਸੈਨਾ ਨੂੰ, ਅਮੋਰੀ ਭਰਾਵਾਂ ਦੀਆਂ ਸੈਨਾਵਾਂ ਦੇ ਨਾਲ, ਹਮਲਾਵਰਾਂ ਤੇ ਅਸਾਨ ਜਿੱਤ ਦਿੱਤੀ ਸੀ (14:13-16)।

ਜਦੋਂ ਇਸ ਦੁਖਦ ਘਟਨਾ ਨੂੰ ਉਤਪਤ ਦੀ ਕਹਾਣੀ ਦੇ ਵਿਆਪਕ ਸੰਦਰਭ ਵਿੱਚ ਵੇਖਿਆ ਜਾਂਦਾ ਹੈ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਅਬਰਾਹਾਮ ਇਹ ਭੁੱਲ ਚੁੱਕਾ ਸੀ ਕਿ ਪਰਮੇਸ਼ੁਰ ਨੇ ਉਸ ਨੂੰ ਮਸੋਪੋਤਾਮੀਆ ਵਿੱਚੋਂ ਬੁਲਾਇਆ ਸੀ ਅਤੇ ਉਸ ਨੂੰ ਬਰਕਤ ਦੇ ਕੇ ਬਹੁਤ ਸਾਰੇ ਮਾਲ ਡੰਗਰਾਂ, ਇੱਜੜ ਅਤੇ ਧਨ ਨਾਲ ਮਾਲਾਮਾਲ ਕੀਤਾ ਸੀ। ਇਸ ਤੋਂ ਇਲਾਵਾ, ਉਸ ਦੇ ਕੋਲ ਸੈਂਕੜੇ ਸੂਰਮਾ ਸਨ (14:14); ਦਰਅਸਲ, ਸ਼ਾਇਦ ਕਨਾਨ ਵਿੱਚ ਉਸ ਦੇ ਕੋਲ ਸਭ ਤੋਂ ਵੱਡੀ ਸੈਨਾ ਸੀ। ਫਿਰ ਉਹ ਇੰਨਾ ਕਿਉਂ ਡਰ ਗਿਆ ਸੀ? ਕੀ ਉਸ ਨੇ ਆਪਣੀ ਨਿਹਚਾ ਨੂੰ ਗੁਆ ਦਿੱਤਾ ਸੀ? ਕੀ ਹੁਣ ਤੋਂ ਉਸ ਨੂੰ ਪਰਮੇਸ਼ੁਰ ਦੀਆਂ ਇੰਨਾ ਗੱਲਾਂ ਤੇ ਵਿਸ਼ਵਾਸ ਨਹੀਂ ਸੀ ਰਿਹਾ ਕਿ "ਨਾ ਡਰ ਅਬਰਾਮ ਮੈਂ ਤੇਰੇ ਲਈ ਢਾਲ ਹਾਂ ਅਤੇ ਤੇਰਾ ਅੱਤ ਵੱਡਾ ਅਜਰ ਹਾਂ" (15:1)? ਕੀ ਉਸ ਨੂੰ ਪਰਮੇਸ਼ੁਰ ਦੇ ਵਾਅਦੇ ਤੇ ਭਰੋਸਾ ਨਹੀਂ ਸੀ ਰਿਹਾ ਜੋ ਹਾਲ ਹੀ ਵਿੱਚ ਕੀਤਾ ਗਿਆ ਸੀ ਕਿ ਇੱਕ ਵਰਹੇ ਦੇ ਅੰਦਰ ਸਾਰਾਹ ਉਸ ਦੇ ਲਈ ਇੱਕ ਪੁੱਤਰ ਜਣੇਗੀ ਅਤੇ ਉਹ ਰਾਜਿਆਂ ਅਤੇ ਕੌਮਾਂ ਦੀ ਮਾਤਾ ਹੋਵੇਗੀ (17:16, 17; 18:10-14)? ਇਹ ਨਿਸ਼ਚਤ ਤੌਰ ਤੇ ਅਬਰਾਹਾਮ ਦੇ ਜੀਵਨ ਦਾ ਸਭ ਤੋਂ ਬੁਰਾ ਸਮਾਂ ਸੀ। ਸਾਰਾਹ ਨੂੰ ਅਬੀਮਲਕ ਨੂੰ ਇੱਕ ਪਤਨੀ ਦੇ ਤੌਰ ਤੇ ਦੇਣ ਦੇ ਦੁਆਰਾ, ਉਹ ਪਰਮੇਸ਼ੁਰ ਦੇ ਇਸ ਵਾਅਦੇ ਨੂੰ ਖ਼ਤਰੇ ਵਿੱਚ ਪਾਉਣ ਦੇ ਲਈ ਤਿਆਰ ਸੀ ਕਿ ਉਸ ਦੇ ਆਪਣੇ ਤੁਖਮ ਵਿੱਚੋਂ ਇੱਕ ਬਾਲਕ ਜਨਮ ਲਵੇਗਾ।

**ਆਇਤ 12.** ਅਬਰਾਹਾਮ ਦਾ ਦੂਜਾ ਤਰਕ ਸਮੀਕਰਨ ਅਤੇ ਧੋਖੇ ਦਾ ਇੱਕ ਨੀਚ ਉਦਾਹਰਣ ਸੀ। ਉਸ ਨੇ ਤਕਨੀਕੀ ਆਧਾਰ ਤੇ ਦਾਅਵਾ ਕੀਤਾ ਕਿ ਉਸ ਨੇ ਸਾਰਾਹ ਬਾਰੇ ਝੂਠ ਨਹੀਂ ਸੀ ਬੋਲਿਆ, ਇਹ ਕਹਿੰਦੇ ਹੋਏ ਕਿ **ਪਰ ਉਹ ਸੱਚ ਮੁੱਚ ਮੇਰੀ ਭੈਣ ਹੈ। ਉਹ ਮੇਰੇ ਪਿਤਾ ਦੀ ਧੀ ਹੈ ਪਰ ਮੇਰੀ ਮਾਤਾ ਦੀ ਧੀ ਨਹੀਂ ਹੈ।** ਇਹ ਅੱਧੀ ਸੱਚਾਈ ਸੀ, ਕਿਉਂਕਿ ਉਸ ਨੇ ਅਸਾਨੀ ਨਾਲ ਇਸ ਹਿੱਸੇ ਨੂੰ ਛੱਡ ਦਿੱਤਾ ਸੀ ਕਿ ਉਹ ਉਸ ਦੀ ਪਤਨੀ ਸੀ। ਕਿਉਂਕਿ ਪੁਰਖੇ ਦੀ ਗੱਲ ਸਿਰਫ ਅੱਧੀ ਸੱਚ ਸੀ ਅਤੇ ਉਸ ਦਾ ਇਰਾਦਾ ਰਾਜੇ ਨੂੰ ਧੋਖਾ ਦੇਣ ਦਾ ਸੀ, ਇਹ ਨਿਸ਼ਚਤ ਤੌਰ ਤੇ ਇੱਕ ਝੂਠ ਸੀ।

**ਆਇਤ 13.** ਅਬਰਾਹਾਮ ਦੇ ਬਚਾਅ ਦਾ ਆਖ਼ਰੀ ਹਿੱਸਾ ਵੀ ਕਮਜ਼ੋਰ ਸੀ। ਉਸ ਨੇ ਹੈਰਾਨੀਜਨਕ ਇਹ ਇਕਰਾਰ ਕੀਤਾ ਕਿ ਉਹ ਝੂਠ ਜਿਹੜਾ ਉਸ ਨੇ ਰਾਜੇ ਨੂੰ ਬੋਲਿਆ ਸੀ ਉਨ੍ਹਾਂ ਦੀ ਬਾਕਾਇਦਾ ਇੱਕ ਰੀਤ ਸੀ। ਪੁਰਖੇ ਨੇ ਸਾਰਾਹ ਨੂੰ ਹਦਾਇਤ ਦਿੱਤੀ ਸੀ ਕਿ **ਭਈ ਏਹ ਤੇਰੀ ਦਯਾ ਹੋਵੇਗੀ ਜੋ ਤੂੰ ਮੇਰੇ ਉੱਤੇ ਕਰੇਂ। ਹਰ ਥਾਂ ਜਿੱਥੇ ਅਸੀਂ ਜਾਈਏ ਤੂੰ ਮੇਰੇ ਵਿਖੇ ਆਖੀਂ ਕਿ ਇਹ ਮੇਰਾ ਭਰਾ ਹੈ।** ਇਸ ਹਵਾਲੇ ਵਿੱਚ ਅਨੁਵਾਦ ਕੀਤਾ ਗਿਆ ਸ਼ਬਦ "ਦਯਾ" ਜੋ ਕਿ ਇਬਰਾਨੀ ਭਾਸ਼ਾ ਦੇ ਸ਼ਬਦ חֶסֶד (*ਚੀਸਡ*) ਤੋਂ ਆਉਂਦਾ ਹੈ ਜਿਸ ਦਾ ਅਰਥ ਹੈ "ਦ੍ਰਿੜ੍ਹ ਪ੍ਰੇਮ" (NRSV), "ਦਿਆਲਗੀ" (NASB), ਜਾਂ ਸਿਰਫ "ਪ੍ਰੇਮ" (NIV)। ਬਾਅਦ ਵਾਲਾ ਸ਼ਬਦ ਉਸ ਦੇ ਨੇੜੇ ਤੇੜੇ ਹੈ ਜੋ ਅਬਰਾਹਾਮ ਦੇ ਮਨ ਵਿੱਚ ਸੀ ਜਦੋਂ ਉਸ ਨੇ ਅਸਲ ਵਿੱਚ ਸਾਰਾਹ ਨੂੰ ਕਿਹਾ, "ਇਸ ਤਰੀਕੇ ਨਾਲ ਤੂੰ ਮੈਨੂੰ ਆਪਣਾ ਪ੍ਰੇਮ [*ਚੀਸਡ*] ਵਿਖਾ ਸਕਦੀ ਹੈਂ: ਇਹ ਦਾਅਵਾ ਕਰਕੇ ਕਿ ਮੈਂ ਤੇਰਾ ਭਰਾ

ਹਾਂ।" ਇਸ ਕਿਸਮ ਦੇ ਧੋਖੇ ਦਾ ਲਿਖਤੀ ਪ੍ਰਮਾਣ ਮਿਸਰ ਵਿੱਚ ਫ਼ਿਰਾਊਨ ਦੇ ਸਾਹਮਣੇ ਉਨ੍ਹਾਂ ਦੀ ਗਵਾਹੀ ਸੀ (12:10-12), ਪਰ ਅਬਰਾਹਾਮ ਦੀ ਇਹ ਗੱਲ ਇਹ ਸੁਝਾਅ ਦਿੰਦੀ ਹੈ ਕਿ ਸ਼ਾਇਦ ਹੋਰ ਵੀ ਕਈ ਮੌਕੇ ਹੋਣਗੇ ਜਦੋਂ ਉਨ੍ਹਾਂ ਨੇ ਇਸ ਤਰ੍ਹਾਂ ਦਾ ਧੋਖਾ ਕੀਤਾ ਸੀ। ਫਿਰ ਵੀ, ਕਹਾਣੀ ਬਿਆਨ ਕਰਨ ਵਾਲੇ ਨੇ ਸਿਰਫ ਇਨ੍ਹਾਂ ਦੋ ਕਹਾਣੀਆਂ ਬਾਰੇ ਲਿਖਿਆ ਹੈ, ਇਹੋ ਜਿਹੀ ਹੋਰ ਕੋਈ ਵੀ ਘਟਨਾ ਸਿਰਫ ਇੱਕ ਕਿਆਸ ਹੈ।

**ਆਇਤ 14.** ਉਸ ਸਮੇਂ ਜਦੋਂ ਅਬਰਾਹਾਮ ਅਤੇ ਸਾਰਾਹ ਨੇ ਆਪਣੇ ਰਿਸ਼ਤੇ ਬਾਰੇ ਫ਼ਿਰਾਊਨ ਨੂੰ ਝੂਠ ਬੋਲਿਆ ਸੀ, ਪੁਰਖੇ ਨੂੰ ਉਸ ਦੇ ਝੂਠ ਦਾ ਪਰਦਾ ਫਾਸ਼ ਹੋਣ ਤੋਂ ਪਹਿਲਾਂ ਰਾਜੇ ਕੋਲੋਂ ਮਹਿੰਗੀਆਂ ਦਾਤਾਂ ਮਿਲੀਆਂ ਸਨ (12:16)। ਇਸ ਮੌਕੇ ਤੇ, **ਅਬੀਮਲਕ ਨੇ ਇੱਜੜ ਅਰ ਪਸੂ ਅਰ ਗੋੱਲੇ ਗੋੱਲੀਆਂ** (ਗੁਲਾਮ) **ਲੈਕੇ ਅਬਰਾਹਾਮ ਨੂੰ ਦਿੱਤੇ** ਜਦੋਂ ਉਸ ਨੂੰ ਪਤਾ ਲੱਗ ਗਿਆ ਕਿ ਸਾਰਾਹ ਸੱਚਮੁੱਚ ਪੁਰਖੇ ਦੀ ਪਤਨੀ ਹੈ। ਮਸੋਪੋਤਾਮੀਆ ਦੇ ਪ੍ਰਾਚੀਨ ਕਾਨੂੰਨਾਂ ਅਨੁਸਾਰ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਫ਼ਿਰਊਨ ਦੀਆਂ ਦਾਤਾਂ ਇੱਕ ਦੁਲਹਨ ਦਾ ਮੁੱਲ ਸੀ, ਜੋ ਕਿ ਆਮ ਤੌਰ ਤੇ ਪਿਤਾ, ਜਾਂ ਇੱਕ ਭਰਾ ਨੂੰ ਅਦਾ ਕੀਤਾ ਜਾਂਦਾ ਸੀ ਜੇਕਰ ਭਰਾ ਮਰਿਆ ਹੋਇਆ ਹੁੰਦਾ ਸੀ। ਗਰਾਰ ਦੇ ਰਾਜਾ ਵੱਲੋਂ ਦਿੱਤੀਆਂ ਜਾਣ ਵਾਲੀਆਂ ਦਾਤਾਂ ਅਬਰਾਹਾਮ, ਇੱਕ ਦੁਖੀ ਪਤੀ ਨੂੰ ਦਿੱਤਾ ਜਾਣ ਵਾਲਾ ਮੁਆਵਜਾ ਸੀ ਕਿਉਂਕਿ ਅਬੀਮਲਕ ਨੇ ਸਾਰਾਹ ਨੂੰ ਆਪਣੇ ਘਰ ਲਿਜਾ ਕੇ ਅਬਰਾਹਾਮ ਨੂੰ ਦੁੱਖ ਪਹੁੰਚਾਇਆ ਸੀ। ਫਿਰ ਰਾਜੇ ਨੇ **ਉਹ ਨੂੰ ਸਾਰਾਹ ਉਹ ਦੀ ਪਤਨੀ ਵੀ ਮੋੜ ਦਿੱਤੀ**।

**ਆਇਤ 15.** ਅਬੀਮਲਕ ਦੀ ਉਦਾਰਤਾ ਤੇ ਫੇਰ ਇਸ ਆਇਤ ਵਿੱਚ ਉਸ ਦੀ ਇਹ ਕਹੀ ਹੋਈ ਗੱਲ ਦੁਆਰਾ ਜ਼ੋਰ ਦਿੱਤਾ ਗਿਆ ਹੈ: **ਵੇਖ ਮੇਰਾ ਦੇਸ ਤੇਰੇ ਅੱਗੇ ਹੈ। ਜਿੱਥੇ ਤੇਰੀ ਨਿਗਾਹ ਵਿੱਚ ਚੰਗਾ ਲੱਗੇ ਉੱਥੇ ਵੱਸ।** ਇਹ ਤੱਥ ਕਿ ਇਹ ਗੈਰ-ਯਹੂਦੀ – ਰਾਜਾ ਜਿਸ ਨੂੰ ਇਸ ਪਰਦੇਸੀ ਦੁਆਰਾ ਧੋਖਾ ਦਿੱਤਾ ਗਿਆ, ਦੁਖੀ ਕੀਤਾ ਗਿਆ ਅਤੇ ਸ਼ਰਮਿੰਦਾ ਕੀਤਾ ਗਿਆ – ਉਸ ਨੂੰ ਉਸ ਦੇ ਸਾਥੀਆਂ ਸਮੇਤ ਆਪਣੀ ਮਰਜ਼ੀ ਦੇ ਥਾਂ ਵਿੱਚ ਵੱਸਣ ਦੇਵੇਗਾ ਇੱਕ ਹੈਰਾਨੀ ਵਾਲੀ ਗੱਲ ਹੈ। ਉਸ ਦਾ ਜਵਾਬ ਮਿਸਰ ਵਿੱਚ ਫ਼ਿਰਾਊਨ ਦੁਆਰਾ ਅਬਰਾਹਾਮ ਅਤੇ ਸਾਰਾਹ ਦੇ ਨਾਲ ਕੀਤੇ ਗਏ ਵਿਹਾਰ ਦੇ ਬਿਲਕੁਲ ਉਲਟ ਹੈ, ਜਿਸ ਨੇ ਆਪਣੇ ਆਦਮੀਆਂ ਨੂੰ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਉਸ ਦੇ ਦੇਸ ਵਿੱਚੋਂ ਬਾਹਰ ਕੱਢਣ ਦਾ ਹੁਕ ਦਿੱਤਾ (12:20)। ਅਬਰਾਹਾਮ ਨਾਲ ਇਸ ਕਿਰਪਾ ਵਾਲੇ ਵਿਹਾਰ ਦਾ ਕਾਰਣ ਸਪੱਸ਼ਟ ਤੌਰ ਤੇ ਇਹ ਸੀ ਕਿ ਰਾਜਾ ਜਾਣਦਾ ਸੀ ਕਿ ਉਸ ਦੀ ਅਤੇ ਉਸ ਦੇ ਲੋਕਾਂ ਚੰਗਿਆਈ ਅਬਰਾਹਾਮ ਦੀਆਂ ਪ੍ਰਾਰਥਨਾਵਾਂ ਅਤੇ ਸਦਭਾਵਨਾ ਤੇ ਨਿਰਭਰ ਕਰਦੀ ਸੀ।

**ਆਇਤ 16.** ਅਬੀਮਲਕ ਫਿਰ **ਸਾਰਾਹ** ਦੀ ਵੱਲ ਮੁੜਿਆ ਅਤੇ ਆਖਿਆ ਕਿ ਇਨ੍ਹਾਂ ਸਭ ਜਾਨਵਰਾਂ ਅਤੇ ਗੁਲਾਮਾਂ ਤੋਂ ਇਲਾਵਾ (20:14), ਉਸ ਨੇ ਉਹ ਦੇ **ਭਰਾ ਨੂੰ ਇੱਕ ਹਜ਼ਾਰ ਚਾਂਦੀ ਦੇ ਟਕੇ**[7] **ਦਿੱਤੇ**। ਅਬਰਾਹਾਮ ਨੇ ਅਬਰਾਹਾਮ ਨੂੰ ਸਾਰਾਹ ਦੀ "ਪਤੀ" ਕਹਿਣ ਦੀ ਬਜਾਇ ਉਸ ਦਾ "ਭਰਾ" ਕਹਿ ਕੇ ਬੁਲਾਇਆ। ਇਸ ਸੰਦਰਭ ਦੇ ਤਿੱਖੇ ਵਿਅੰਗ ਨੂੰ ਨਹੀਂ ਭੁੱਲਣਾ ਚਾਹੀਦਾ: ਰਾਜਾ ਹਾਲੇ ਵੀ ਇਸ ਤੱਥ ਤੋਂ ਪਰੇਸ਼ਾਨ ਸੀ ਕਿ ਅਬਰਾਹਾਮ ਅਤੇ ਸਾਰਾਹ ਨੇ ਉਸ ਨਾਲ ਧੋਖਾ ਕੀਤਾ ਸੀ। ਚਾਂਦੀ ਦੇ ਸੰਬੰਧ ਵਿੱਚ, ਉਸ ਨੇ ਕਿਹਾ, **ਵੇਖ ਓਹ ਤੇਰੇ ਲਈ ਅਰ ਸਾਰਿਆਂ ਲਈ ਜੋ ਤੇਰੇ ਸੰਗ ਹਨ ਅੱਖੀਆਂ ਦਾ ਪੜਦਾ ਹੋਣਗੇ ਅਤੇ ਐਉਂ ਹਰ ਤਰਾਂ ਤੇਰੀ ਦਾਦ ਰਸੀ ਹੋਵੇਗੀ।**

"ਅੱਖੀਆਂ ਦਾ ਪੜਦਾ" ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਹ ਹੈ כְּסוּת עֵינַיִם (*ਕੀਸੁਥ ਆਈਨਾਯਿਨ*), ਜਿਸ ਦਾ ਸ਼ਾਬਦਿਕ ਅਰਥ ਹੀ "ਅੱਖੀਆਂ ਦਾ ਪੜਦਾ" ਹੈ (KJV)। NIV ਬਾਈਬਲ ਵਿੱਚ "ਦੋਸ਼ ਦੇ ਪਰਦਾ ਪਾਉਣਾ" ਸ਼ਬਦ ਦਿੱਤਾ ਗਿਆ ਹੈ ਜਿਸ ਦਾ ਅਰਥ ਹੈ ਕਿ ਇਸ ਸਥਿਤੀ ਤੇ ਹਰੇਕ ਦੀਆਂ ਨਜ਼ਰਾਂ ਤੇ ਪੜਦਾ ਪਾ ਦਿੱਤਾ ਜਾਵੇਗਾ ਜਿਹੜੇ

ਅਬਰਾਹਾਮ ਦੇ ਦਲ ਵਿੱਚ ਸਨ ਜਾਂ ਜਿਹੜੇ ਇਹ ਸੁਣ ਸਕਦੇ ਹਨ ਕਿ ਰਾਜਾ ਸਾਰਾਹ ਨੂੰ ਆਪਣੇ ਘਰ ਲੈ ਗਿਆ ਸੀ। ਹਰ ਕੋਈ ਜਾਣ ਜਾਵੇਗਾ ਕਿ ਅਬੀਮਲਕ ਦਾ ਕੋਈ ਗਲਤ ਇਰਾਦਾ ਨਹੀਂ ਸੀ, ਕਿਉਂਕਿ ਉਸ ਨੂੰ ਨਹੀਂ ਸੀ ਪਤਾ ਕਿ ਸਾਰਾਹ ਅਬਰਾਹਾਮ ਦੀ ਪਤਨੀ ਸੀ। ਇਸ ਤੋਂ ਇਲਾਵਾ, ਰਾਜੇ ਨੇ ਜਿੰਨਾ ਚਿਰ ਉਹ ਉਸ ਦੇ ਘਰ ਵਿੱਚ ਰਹੀ ਉਸ ਨੂੰ ਨਹੀਂ ਛੋਹਿਆ। ਇਸ ਲਈ, ਇਸ ਅਨੁਭਵ ਦੇ ਕਾਰਣ ਕਿਸੇ ਨੂੰ ਵੀ ਸਾਰਾਹ ਨਾਲ ਘਿਣ ਨਹੀਂ ਕਰਨੀ ਚਾਹੀਦੀ ਜਾਂ ਉਸ ਨੂੰ ਤੁੱਛ ਨਹੀਂ ਸਮਝਣਾ ਚਾਹੀਦਾ। ਉਸ ਭਾਵ ਵਿੱਚ, ਉਹ ਉਸ ਦੋਸ਼ ਤੋਂ "ਪੂਰੀ ਤਰ੍ਹਾਂ ਮੁਕਤ" ਸੀ (NEB)।

**ਆਇਤਾਂ 17, 18.** ਇਹ ਬੇਸੁਆਦਾ ਬਿਰਤਾਂਤ ਉਦੋਂ ਖਤਮ ਹੋਇਆ ਜਦੋਂ ਅਬੀਮਲਕ ਨੇ ਉਨ੍ਹਾਂ ਗਲਤੀਆਂ ਨੂੰ ਜੋ ਉਸ ਨੇ ਕੀਤੀਆਂ ਸਨ ਸੁਧਾਰਣ ਦੇ ਲਈ ਉਚਤ ਕਦਮ ਉਠਾਏ। ਫਿਰ **ਅਬਰਾਹਾਮ ਨੇ ਪਰਮੇਸ਼ੁਰ ਅੱਗੇ ਬੇਨਤੀ ਕੀਤੀ ਅਰ ਪਰਮੇਸ਼ੁਰ ਨੇ ਅਬੀਮਲਕ ਅਰ ਉਸ ਦੀ ਤੀਵੀਂ ਅਰ ਉਸ ਦੀਆਂ ਗੋੱਲੀਆਂ ਨੂੰ** ਅਣਉਪਜਾਊਪਣ ਦੇ ਸਰਾਪ ਤੋਂ **ਚੰਗਾ ਕਰ ਦਿੱਤਾ ਅਤੇ ਓਹ ਫੇਰ ਜਣਨ ਲੱਗ ਪਈਆਂ**। ਜਿਵੇਂ ਪਿਛਲੀ ਆਇਤ ਵਿੱਚ ਵਿਅੰਗਪੂਰਵਕ ਢੰਗ ਨਾਲ "ਭਰਾ" ਸ਼ਬਦ ਵਰਤਿਆ ਗਿਆ ਹੈ, ਇੱਥੇ ਵਿਅੰਗ ਦਾ ਇੱਕ ਹੋਰ ਉਦਾਹਰਣ ਆਉਂਦਾ ਹੈ। ਅਬਰਾਹਾਮ ਨੇ ਪਰਮੇਸ਼ੁਰ ਅੱਗੇ ਬੇਨਤੀ ਕੀਤੀ ਅਤੇ ਉਸ ਦਾ ਨਤੀਜਾ ਇਹ ਹੋਇਆ ਕਿ ਅਬੀਮਲਕ ਦੇ ਘਰ ਵਿੱਚ ਜਿੰਨੀਆਂ ਵੀ ਔਰਤਾਂ ਸਨ ਇੱਕ ਵਾਰ ਫੇਰ ਤੋਂ ਜਣਨ ਲੱਗ ਪਈਆਂ। ਉਨ੍ਹਾਂ ਦੇ ਬਾਂਝਪਣ ਦਾ ਕਾਰਣ ਇਹ ਸੀ ਕਿ **ਯਹੋਵਾਹ ਨੇ ਅਬੀਮਲਕ ਦੇ ਘਰਾਣੇ ਦੀ ਹਰ ਕੁੱਖ ਨੂੰ ਸਾਰਾਹ ਅਬਰਾਹਾਮ ਦੀ ਪਤਨੀ ਦੇ ਕਾਰਨ ਸਖ਼ਤੀ ਨਾਲ ਬੰਦ ਕਰ ਛੱਡਿਆ ਸੀ**। ਇੱਕ ਗੈਰ-ਯਹੂਦੀ ਰਾਜਾ ਅਤੇ ਉਸ ਦੀਆਂ ਪਤਨੀਆਂ ਦੀ ਖ਼ਾਤਰ ਕੀਤੀ ਗਈ ਅਬਰਾਹਾਮ ਦੀ ਬੇਨਤੀ ਕਿਉਂ ਪ੍ਰਭਾਵਸ਼ਾਲੀ ਸੀ ਜਦੋਂ ਕਿ ਉਨ੍ਹਾਂ ਦੇ ਵਿਆਹ ਨੂੰ ਇੰਨੇ ਸਾਲ ਹੋਣ ਅਤੇ ਉਨ੍ਹਾਂ ਦੀ ਨਿਹਚਾ ਨੂੰ ਪਰਤਾਏ ਜਾਣ ਤੋਂ ਬਾਅਦ ਵੀ, ਸਾਰਾਹ ਦੀ ਕੁੱਖ ਬੰਦ ਰਹੀ ਸੀ (16:2)?

ਅਗਲੇ ਅਧਿਆਇ ਵਿੱਚ, ਆਖ਼ਰਕਾਰ ਉਨ੍ਹਾਂ ਦੇ ਨਿਰਾਸ਼ਾ ਦੇ ਵਰਹੇ ਵੱਡੇ ਅਨੰਦ ਵਿੱਚ ਬਲਦ ਗਏ। ਪਰਮੇਸ਼ੁਰ ਨੇ ਸਾਰਾਹ ਦੀ ਕੁੱਖ ਨੂੰ ਵੀ ਖੋਲ੍ਹਿਆ ਅਤੇ ਉਹ ਵੀ ਗਰਭਵਤੀ ਹੋਈ ਅਤੇ ਉਸ ਨੇ ਬੁਢਾਪੇ ਵਿੱਚ ਵਾਅਦੇ ਦੀ ਅੰਸ ਨੂੰ ਜਨਮ ਦਿੱਤਾ।

## ਪ੍ਰਾਸੰਗਿਕਤਾ

**ਝੂਠ ਬੋਲਣ ਦਾ ਖ਼ਤਰਾ (ਅਧਿਆਇ 20)**

*ਝੂਠ ਬੋਲਣਾ ਇੱਕ ਪਾਪ ਹੈ ਜਿਸ ਨੂੰ ਲੋਕ ਅਕਸਰ ਜ਼ਰੂਰੀ ਹੋਣ ਵਜੋਂ ਤਰਕਸੰਗਤ ਬਣਾਉਂਦੇ ਹਨ।* ਬਹੁਤ ਵਾਰ, ਲੋਕ ਇਸ ਲਈ ਝੂਠ ਬੋਲਦੇ ਹਨ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਆਪਣੀ ਖੁਦਗਰਜ਼ੀ ਜਾਂ ਤੰਦਰੁਸਤੀ ਇਸ ਦੀ ਮੰਗ ਕਰਦੀ ਹੈ। ਉਸੇ ਤਰ੍ਹਾਂ, ਉਹ ਝੂਠ ਨੂੰ ਦੂਜੇ ਵਿਅਕਤੀ ਦੀ ਜਾਂ ਸਮੁੱਚੇ ਸਮਾਜ ਦੀ ਭਲਿਆਈ ਦੇ ਲਈ ਤਰਕਸੰਗਤ ਠਹਿਰਾਉਂਦੇ ਹਨ। ਕਿਉਂਕਿ ਬਹੁਤ ਸਾਰੇ ਝੂਠਾਂ ਨੂੰ ਇਸ ਤਰੀਕੇ ਨਾਲ ਸਹੀ ਠਹਿਰਾਇਆ ਜਾ ਸਕਦਾ ਹੈ, ਝੂਠ ਬੋਲਣ ਦੀ ਆਦਤ ਨੂੰ ਵਿਕਸਤ ਕਰਨਾ ਅਸਾਨ ਹੈ। ਅਬਰਾਹਾਮ ਅਤੇ ਸਾਰਾਹ ਨੇ ਇਹੋ ਜਿਹੀ ਆਦਤ ਵਿੱਚ ਸਿੱਧੀ ਹਾਸਲ ਕੀਤੀ ਸੀ ਕਿਉਂਕਿ ਉਹ ਪਤੀ ਅਤੇ ਪਤਨੀ ਹੁੰਦੇ ਹੋਏ ਵੀ ਨਿਯਮਤ ਰੂਪ ਵਿੱਚ ਆਪਣੇ ਰਿਸ਼ਤੇ ਬਾਰੇ ਝੂਠ ਬੋਲ ਰਹੇ ਸਨ। 20:13 ਵਿੱਚ, ਪੁਰਖੇ ਨੇ ਅਬੀਮਲਕ ਦੇ ਅੱਗੇ ਇਹ ਕਬੂਲ ਕੀਤਾ ਸੀ ਕਿ ਬਹੁਤ ਸਾਲ ਪਹਿਲਾਂ ਮਸੋਪੋਤਾਮੀਆ ਵਿੱਚ "ਪਿਤਾ ਦੇ ਘਰ ਤੋਂ ਐਧਰ ਔਧਰ ਘੁੰਮਣ" ਦੇ ਪ੍ਰਭੂ ਦੇ ਹੁਕਮ ਨੂੰ ਪ੍ਰਾਪਤ ਕਰਨ ਤੋਂ ਬਾਅਦ, ਉਸ ਨੇ ਆਪਣੀ ਪਤਨੀ

ਨੂੰ ਇਹ ਨਿਰਦੇਸ਼ ਦਿੱਤਾ ਸੀ: "ਹਰ ਥਾਂ ਜਿੱਥੇ ਅਸੀਂ ਜਾਈਏ ਤੂੰ ਮੇਰੇ ਵਿਖੇ ਆਖੀਂ ਕਿ 'ਇਹ ਮੇਰਾ ਭਰਾ ਹੈ।'"

ਹਾਲਾਂਕਿ ਉਤਪਤ ਦੀ ਪੁਸਤਕ ਵਿੱਚ ਉਨ੍ਹਾਂ ਦੇ ਇਸ ਯੋਜਨਾ ਨੂੰ ਇਸਤੇਮਾਲ ਕਰਨ ਦੇ ਬਾਰੇ ਸਿਰਫ ਦੋ ਹੀ ਉਦਾਹਰਣ ਦਰਜ ਹਨ (12:11-13; 20:2), ਸ਼ਾਇਦ ਹੋਰ ਵੀ ਘਟਨਾਵਾਂ ਹੋਣਗੀਆਂ ਜਿਨ੍ਹਾਂ ਦੇ ਬਾਰੇ ਲੇਖਕ ਨੇ ਚੱਵੀ ਸਾਲ ਦੇ ਵਕਫੇ ਵਿੱਚ ਪਰਗਟ ਨਹੀਂ ਸੀ ਕੀਤਾ ਜਦੋਂ ਦਾ ਉਨ੍ਹਾਂ ਨੇ ਇਸ ਰਣਨੀਤੀ ਨੂੰ ਲਾਗੂ ਕੀਤਾ ਸੀ। ਅਬਰਾਹਾਮ ਨੇ ਪਰਤੱਖ ਰੂਪ ਵਿੱਚ ਇਸ ਕਿਸਮ ਦੇ ਝੂਠ ਨੂੰ ਸਹੀ ਠਹਿਰਾਇਆ ਸੀ, ਕਿਉਂਕਿ ਉਸ ਨੇ ਮੂਲ ਰੂਪ ਵਿੱਚ ਸਾਰਾਹ ਦੀ ਸੁੱਖ ਸਲਾਮਤੀ ਦੀ ਬਜਾਇ, ਆਪਣੇ ਆਪ ਬਾਰੇ ਸੋਚਿਆ ਸੀ। ਦੋਵਾਂ ਮਾਮਲਿਆਂ ਵਿੱਚ, ਅਜਿਹੇ ਝੂਠ ਨੂੰ ਸਹੀ ਠਹਿਰਾਉਣਾ ਉਸ ਦੀ ਆਪਣੀ ਜਾਨ ਬਚਾਉਣ ਵਾਸਤੇ ਸੀ (12:12; 20:11), ਜਿਸ ਨੇ ਉਸ ਦੀ ਪਤਨੀ ਤੇ ਜ਼ਿੰਮੇਵਾਰੀ ਦਾ ਬੋਝ ਲੱਦ ਦਿੱਤਾ ਸੀ ਜੇਕਰ ਉਸ ਨੂੰ ਕੁਝ ਹੋ ਜਾਂਦਾ। ਇਸ ਤੋਂ ਇਲਾਵਾ, ਪੁਰਖਾ ਇਸ ਬਾਰੇ ਚਿੰਤਤ ਨਹੀਂ ਸੀ ਇਹ ਝੂਠ ਫ਼ਿਰਾਊਨ, ਅਬੀਮਲਕ ਜਾਂ ਉਨ੍ਹਾਂ ਦੇ ਲੋਕਾਂ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਸੀ।

ਝੂਠ ਬੋਲਣ ਦਾ ਸੁਭਾਅ ਜੋ ਅਬਰਾਹਾਮ ਅਤੇ ਸਾਰਾਹ ਦੇ ਅੰਦਰ ਸੀ ਉਹ ਅੱਧਾ ਸੱਚ ਬੋਲਣਾ ਸੀ; ਫਿਰ ਵੀ, ਇਹ ਉਸ ਝੂਠ ਦੇ ਵਾਂਗ ਹੀ ਵਿਨਾਸ਼ਕਾਰੀ ਸੀ ਜਿਸ ਦੇ ਵਿੱਚ ਬਿਲਕੁਲ ਵੀ ਸੱਚਾਈ ਨਹੀਂ ਹੁੰਦੀ। ਸੱਚਾਈ ਜਿਸ ਦੇ ਵਿੱਚ ਥੋੜ੍ਹਾ ਜਿਹਾ ਝੂਠ ਮਿਲਿਆ ਹੁੰਦਾ ਹੈ ਝੂਠ ਨੂੰ ਹੋਰ ਜ਼ਿਆਦਾ ਸੁਆਦਲਾ ਅਤੇ ਧੋਖੇ ਵਾਲਾ ਬਣਾਉਂਦਾ ਹੈ। ਇਸ ਦੇ ਉਦਾਹਰਣ ਇਨ੍ਹਾਂ ਕਹਾਣੀਆਂ ਵਿੱਚ ਵੇਖੇ ਜਾਂਦੇ ਹਨ: ਅਦਨ ਦੇ ਬਾਗ ਵਿੱਚ ਹੱਵਾਹ (ਅਤੇ ਆਦਮ) ਨਾਲ ਸ਼ਤਾਨ ਦਾ ਧੋਖਾ (2:17; 3:1-13); ਹਾਬਲ ਦਾ ਕਤਲ ਕਰਨ ਤੋਂ ਬਾਅਦ ਪਰਮੇਸ਼ੁਰ ਨੂੰ ਕਇਨ ਦਾ ਬੇਈਮਾਨ ਜਵਾਬ (4:8, 9) ਅਤੇ ਕਲੀਸੀਆ ਅਤੇ ਪ੍ਰਭੂ ਦੇ ਸਾਹਮਣੇ ਹਨਾਨਿਯਾ ਅਤੇ ਸਫ਼ੀਰਾ ਦੇ ਝੂਠ (ਰਸੂਲਾਂ ਦੇ ਕਰਤੱਬ 5:1-11)।

ਮਨੁੱਖ ਦੀ ਝੂਠ ਬੋਲਣ ਲਈ ਪ੍ਰਵਿਰਤੀ ਹਮੇਸ਼ਾ ਤੋਂ ਰਹੀ ਹੈ। ਇਸ ਦੀ ਦਸ ਹੁਕਮਾਂ (ਕੂਚ 20:16), ਪਵਿੱਤਰਤਾਈ ਦੀ ਨਿਯਮਾਵਲੀ (ਲੇਵੀਆਂ 19:11, 12), ਯਿਸੂ ਦੀਆਂ ਸਿੱਖਿਆਵਾਂ (ਮੱਤੀ 19:18) ਅਤੇ ਆਰੰਭਕ ਕਲੀਸੀਆ (ਅਫ਼ਸੀਆਂ 4:25; ਕੁਲੱਸੀਆਂ 3:8, 9; ਯਾਕੂਬ 3:14) ਵਿੱਚ ਮਨਾਹੀ ਸੀ। ਇਬਰਾਨੀਆਂ 12:1 ਦੇ ਸ਼ਬਦਾਂ ਵਿੱਚ, ਝੂਠ ਇੱਕ ਪਾਪ ਹੈ ਜਿਹੜਾ "ਸਹਿਜ ਨਾਲ ਸਾਨੂੰ ਫਸਾ ਲੈਂਦਾ ਹੈ," ਜਿਵੇਂ ਇਸ ਦੇ ਅਬਰਾਹਾਮ ਨੂੰ ਫਸਾ ਲਿਆ ਸੀ। ਸਾਨੂੰ ਇਸ ਨੂੰ ਆਦਤਨ ਰੀਤ ਨਹੀਂ ਬਣਨ ਦੇਣਾ ਚਾਹੀਦਾ ਜਿਵੇਂ ਪੁਰਖੇ ਨੇ ਇਸ ਗੱਲ ਨੂੰ ਸਵੀਕਾਰ ਕੀਤਾ ਸੀ ਕਿ ਇਹ ਉਸ ਦੀ ਆਦਤਨ ਰੀਤ ਬਣ ਗਈ ਸੀ (20:13)।

*ਝੂਠ ਦੀਆਂ ਜੜ੍ਹਾਂ ਅਕਸਰ ਨਿਹਚਾ ਦੀ ਕਮੀ ਵਿੱਚ ਹੁੰਦੀਆਂ ਹਨ।* ਅਬਰਾਹਾਮ, ਜਿਸ ਦੀ ਵਚਨ ਵਿੱਚ ਵਿਸ਼ਵਾਸੀਆਂ ਦੇ ਤੌਰ ਤੇ ਤਾਰੀਫ ਕੀਤੀ ਗਈ ਹੈ (ਰੋਮੀਆਂ 4:11, 16), ਅਕਸਰ ਆਪਣੀ ਨਿਹਚਾ ਨਾਲ ਜੱਦੋ-ਜਹਿਦ ਕਰਦਾ ਰਿਹਾ। ਪਰਮੇਸ਼ੁਰ ਨੇ ਕਈ ਸਾਲਾਂ ਤੱਕ ਉਸ ਨੂੰ ਕਈ ਤਰੀਕਿਆਂ ਨਾਲ ਬਰਕਤ ਦਿੱਤੀ ਸੀ; ਫਿਰ ਵੀ ਉਸ ਨੇ ਪਰਮੇਸ਼ੁਰ ਤੇ ਭਰੋਸਾ ਕਰਨ ਅਤੇ "ਨਿਹਚਾ ਨਾਲ" ਚੱਲਣ ਦੀ ਬਜਾਇ "ਵੇਖਣ ਨਾਲ" ਚੱਲਣ ਦੀ ਕੋਸ਼ਿਸ਼ ਕੀਤੀ (2 ਕੁਰਿੰਥੀਆਂ 5:7)।

ਪਰਮੇਸ਼ੁਰ ਦੀ ਮਦਦ ਨਾਲ, ਅਬਰਾਹਾਮ ਦੇ ਸੂਰਮਿਆਂ ਨੇ ਪੂਰਬ ਦੇ ਚਾਰ ਰਾਜਿਆਂ ਨੂੰ ਹਰਾਇਆ ਸੀ (14:14-20) ਅਤੇ ਨਿਸ਼ਚਤ ਤੌਰ ਤੇ ਅਬੀਮਲਕ ਦੇ ਸੰਭਵ ਹਮਲੇ ਵਿਰੁੱਧ ਉਸ ਦਾ ਬਚਾਅ ਕਰ ਸਕਦੇ ਸਨ। ਫਿਰ ਵੀ, ਅਬਰਾਹਾਮ ਨੇ ਪਰਮੇਸ਼ੁਰ – "ਨਿਹਚਾ ਦੀ ਢਾਲ" ਤੇ ਭਰੋਸਾ ਕਰਨ ਦੀ ਬਜਾਇ ਫਲਿਸਤੀ ਰਾਜਾ ਅਤੇ ਉਸ ਦੀ ਸੈਨਾ ਤੋਂ ਡਰਦੇ ਮਾਰੇ ਝੂਠ ਬੋਲਿਆ

ਸੀ (15:1; ਅਫ਼ਸੀਆਂ 6:16) ਉਹ *ਏਲ ਸ਼ਦਾਈ* ("ਸਰਬਸ਼ਕਤੀਮਾਨ ਪਰਮੇਸ਼ੁਰ"; 17:1) ਨੂੰ ਭੁੱਲ ਗਿਆ ਜਿਸ ਨੇ ਲੰਬੇ ਸਮੇਂ ਤੱਕ ਉਸ ਨੂੰ ਭਰਪੂਰ ਬਰਕਤ ਦਿੱਤੀ ਸੀ।

ਇਹ ਉਸੇ ਤਰ੍ਹਾਂ ਦਾ ਅਨੁਭਵ ਸੀ ਜੋ ਮਸੀਹ ਦੇ ਚੇਲਿਆਂ ਨੇ ਕੀਤਾ ਸੀ। ਉਨ੍ਹਾਂ ਦੇ ਅੰਦਰ ਇੰਨੀ ਨਿਹਚਾ ਸੀ ਕਿ ਉਹ ਆਪਣਾ ਕੰਮ ਧੰਦੇ ਛੱਡ ਕੇ ਪੂਰੇ ਫਲਿਸਤੀਨ ਦੇਸ ਵਿੱਚ ਉਸ ਦੇ ਪਿੱਛੇ-ਪਿੱਛੇ ਚੱਲਦੇ ਰਹੇ। ਜਦੋਂ ਉਨ੍ਹਾਂ ਨੇ ਯਿਸੂ ਨੂੰ ਚੰਗਿਆਈ ਦੇ ਚਮਤਕਾਰ ਕਰਦੇ ਵੇਖਿਆ, ਉਨ੍ਹਾਂ ਦੀ ਨਿਹਚਾ ਵੱਧਦੀ ਗਈ। ਫਿਰ ਵੀ, ਗਲੀਲ ਦੀ ਝੀਲ ਵਿੱਚ ਆਏ ਤੁਫ਼ਾਨ ਵਿੱਚ, ਉਨ੍ਹਾਂ ਨੇ ਆਸ ਛੱਡ ਦਿੱਤੀ। ਯਿਸੂ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਘੱਟ ਨਿਹਚਾ ਦੇ ਕਾਰਣ ਝਿੜਕਿਆ (ਮਰਕੁਸ 4:40)।

ਇੱਕ ਹੋਰ ਮੌਕੇ ਤੇ, ਪ੍ਰਭੂ ਨੇ ਕਿਹਾ ਕਿ ਉਨ੍ਹਾਂ ਦੀ ਨਿਹਚਾ ਬਹੁਤ ਜ਼ਿਆਦਾ ਘੱਟ ਸੀ ਕਿ ਜੇਕਰ ਇਹ "ਇੱਕ ਰਾਈ ਦੇ ਦਾਣੇ ਸਮਾਨ" ਹੁੰਦੀ ਤਾਂ ਉਹ ਸੱਚਮੁੱਚ ਵੱਡੇ-ਵੱਡੇ ਕੰਮ ਕਰ ਸਕਦੇ ਸਨ (ਮੱਤੀ 17:20)। ਪ੍ਰਭੂ ਵਿੱਚ ਉਨ੍ਹਾਂ ਦਾ ਭਰੋਸਾ ਵੱਧਦਾ ਅਤੇ ਘੱਟਦਾ ਰਿਹਾ। ਉਸੇ ਤਰ੍ਹਾਂ ਅਬਰਾਹਾਮ ਅਤੇ ਪਰਮੇਸ਼ੁਰ ਦੇ ਹੋਰ ਮਹਾਨ ਵਿਅਕਤੀਆਂ ਨਾਲ ਹੋਇਆ ਸੀ ਅਤੇ ਉਸੇ ਤਰ੍ਹਾਂ ਸਾਡੇ ਨਾਲ ਹੈ। ਸਗੋਂ ਵਿਸ਼ਵਾਸ ਕਰਨ ਵਾਲੇ ਦਿਲ ਵਿੱਚ ਵੀ, ਹਮੇਸ਼ਾ ਇਹ ਖ਼ਤਰਾ ਹੁੰਦਾ ਹੈ ਕਿ ਉਸ ਦੇ ਦਿਲ ਵਿੱਚ ਕੋਈ ਨਾ ਕੋਈ ਬੇਪਰਤੀਤੀ ਹੁੰਦੀ ਹੈ (ਮਰਕੁਸ 9:24)।

ਉਹੀ ਝੂਠ ਜਿਹੜਾ 12:17-19 ਵਿੱਚ ਮਿਸਰ ਵਿੱਚ ਫ਼ਿਰਊਨ ਅਤੇ ਉਸ ਦੇ ਘਰਾਣੇ ਤੇ ਬਵਾਂ ਲੈ ਕੇ ਆਇਆ ਸੀ, ਉਸੇ ਦੇ ਕਾਰਣ ਅਬਰਾਹਾਮ ਨੂੰ 20:9-13 ਵਿੱਚ ਉਸ ਦੇ ਧੋਖੇ ਦੀ ਵਿਆਖਿਆ ਕਰਨ ਦੇ ਲਈ ਸਥਾਨਕ ਹਾਕਮ ਦੇ ਸਾਹਮਣੇ ਬੁਲਾਏ ਜਾਣ ਦੀ ਸ਼ਰਮਿੰਦਗੀ ਝੱਲਣੀ ਪਈ ਸੀ। ਉਸ ਨੇ ਸਬਕ ਕਿਉਂ ਨਹੀਂ ਸੀ ਸਿੱਖਿਆ ਅਤੇ ਪਰਮੇਸ਼ੁਰ ਤੇ ਭਰੋਸਾ ਕਿਉਂ ਨਹੀਂ ਸੀ ਕੀਤਾ, ਜਿਹੜਾ ਉਸ ਨੂੰ ਸੁਰੱਖਿਅਤ ਬਚਾ ਕੇ ਵਾਅਦੇ ਦੇ ਦੇਸ ਵਿੱਚ ਲੈ ਕੇ ਆਇਆ ਸੀ ਅਤੇ ਉਸ ਦੀ ਦੇਖਭਾਲ ਕੀਤੀ ਸੀ, ਸਗੋਂ ਤਦ ਵੀ ਜਦੋਂ ਉਸ ਨੇ ਅਣਆਗਿਆਕਾਰੀ ਕੀਤੀ ਜਾਂ ਸਿਰਫ ਉਸ ਦੀ ਆਗਿਆ ਦਾ ਅਧੂਰਾ ਪਾਲਣ ਕੀਤਾ?

*ਝੂਠ ਅਕਸਰ ਜ਼ਿਆਦਾ ਮੁਸੀਬਤ ਦਾ ਕਾਰਣ ਹੁੰਦਾ ਹੈ।* ਅਬਰਾਹਾਮ ਨੇ ਉਨ੍ਹਾਂ ਦੇ ਲਈ ਬਰਕਤ ਦਾ ਕਾਰਣ ਬਣਨਾ ਸੀ ਕਿ ਜਿਨ੍ਹਾਂ ਦੇ ਉਹ ਸੰਪਰਕ ਵਿੱਚ ਆਇਆ ਸੀ। ਵਿਅੰਗਾਤਮਕ ਰੂਪ ਵਿੱਚ, ਉਹ ਆਪਣੇ ਝੂਠ ਦੇ ਕਾਰਣ ਦੂਜਿਆਂ ਦੇ ਲਈ ਮੁਸੀਬਤ ਖੜ੍ਹੀ ਕਰਨ ਵਾਲਾ ਸੀ। ਮਿਸਰ ਵਿੱਚ, ਸਾਰਾਹ ਬਾਰੇ ਅਬਰਾਹਾਮ ਦਾ ਝੂਠ ਫ਼ਿਰਊਨ ਦੇ ਘਰਾਣੇ ਤੇ ਬਵਾਂ ਲੈ ਕੇ ਆਇਆ (12:17)। ਉਸੇ ਤਰ੍ਹਾਂ, ਗਰਾਰ ਵਿੱਚ, ਅਬਰਾਹਾਮ ਨੇ ਇਹ ਝੂਠ ਬੋਲਿਆ ਅਤੇ ਇਹ ਝੂਠ ਅਬੀਮਲਕ ਦੇ ਲਈ ਦੁੱਖ ਅਤੇ ਮੌਤ ਦਾ ਖ਼ਤਰਾ ਲੈ ਕੇ ਆਇਆ (20:3, 7, 17)। ਇਸ ਦੇ ਕਾਰਣ ਯਹੋਵਾਹ ਨੇ ਅਬੀਮਲਕ ਦੇ ਘਰਾਣੇ ਦੀਆਂ ਔਰਤਾਂ ਦੀ "ਹਰ ਕੁੱਖ ਨੂੰ ਸਖ਼ਤੀ ਨਾਲ ਬੰਦ ਕਰ ਛੱਡਿਆ ਸੀ" (20:18)।

ਉਸੇ ਤਰ੍ਹਾਂ, ਦਾਊਦ ਦੇ ਧੋਖੇਬਾਜ਼ੀ ਵਾਲੇ ਝੂਠ ਨੇ ਹਿੱਤੀ ਊਰਿੱਯਾਹ ਨੂੰ ਯੁੱਧ ਦੇ ਮੈਦਾਨ ਵਿੱਚੋਂ ਘਰ ਲੈ ਕੇ ਆਉਣਾ ਸੀ, ਬਥ-ਸ਼ਬਾ ਨਾਲ ਕੀਤੀ ਜ਼ਨਾਹਕਾਰੀ ਤੇ ਪਰਦਾ ਪਾਉਣ ਦੇ ਲਈ, ਆਖ਼ਰਕਾਰ ਰਾਜਾ ਦੇ ਆਦਰਯੋਗ ਨੌਕਰ ਨੂੰ ਆਪਣਾ ਜਾਨ ਗੁਆਉਣੀ ਪਈ ਸੀ (2 ਸਮੂਏਲ 11:1-27)। ਇਸ ਤੋਂ ਇਲਾਵਾ, ਉਹ ਬਾਲਕ ਜਿਹੜਾ ਉਨ੍ਹਾਂ ਦੀ ਜ਼ਨਾਹਕਾਰੀ ਕਰਨ ਦੁਆਰਾ ਪੈਦਾ ਹੋਣਾ ਸੀ ਮਰ ਗਿਆ ਅਤੇ ਦਾਊਦ ਦੇ ਘਰਾਣੇ ਉੱਤੋਂ ਤਲਵਾਰ ਕਦੀ ਨਾ ਹਟੀ (2 ਸਮੂਏਲ 12:10), ਜਦੋਂ ਉਸ ਦੇ ਬੱਚਿਆ ਨੇ ਬਲਾਤਕਾਰ, ਕਤਲ, ਘਰੇਲੂ ਯੁੱਧ ਅਤੇ ਯੁੱਧ ਵਿੱਚ ਮੌਤ ਨਾਲ ਇੱਕ ਦੂਜੇ ਦੇ ਅਤੇ ਉਨ੍ਹਾਂ ਦੇ ਪਿਤਾ ਦੇ ਵਿਰੁੱਧ ਪਾਪ ਕੀਤਾ (2 ਸਮੂਏਲ 13-18)। ਇਸ ਤਰ੍ਹਾਂ, ਰਾਜੇ ਨੇ ਆਪਣੀ ਜ਼ਨਾਹਕਾਰੀ ਦੇ ਕਾਰਣ ਦੁੱਖ ਅਤੇ ਮੁਸੀਬਤ ਦਾ ਵੱਡਾ ਮੁੱਲ ਅਦਾ ਕੀਤਾ

ਅਤੇ ਊਰਿੱਯਾਹ ਦੀ ਪਤਨੀ ਨਾਲ ਆਪਣੇ ਸੰਬੰਧ ਅਤੇ ਉਸ ਦੇ "ਸੂਰਮਿਆਂ" ਵਿੱਚੋਂ ਇੱਕ ਦਾ ਕਤਲ ਕਰਨ ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ (2 ਸਮੂਏਲ 23:22, 39; 1 ਇਤਹਾਸ 11:26, 41)।

ਬੁੱਧਵਾਨ ਮਨੁੱਖ ਨੇ ਇੱਕ ਵਾਰ ਕਿਹਾ, "ਛਲੀਆਂ ਦਾ ਰਾਹ ਬਿਖੜਾ ਹੁੰਦਾ ਹੈ" (ਕਹਾਉਤਾਂ 13:15; KJV)। "ਛਲੀਆਂ" ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਹ ਕਿਰਿਆ בָּגַד (*ਬੈਗਡ*) ਤੋਂ ਇੱਕ ਬਹੁਵਚਨ ਕਿਰਦੰਤ ਹੈ, ਜਿਸ ਦਾ ਅਰਥ ਹੈ "ਸਮਾਜਕ ਜ਼ਿੰਮੇਵਾਰੀਆਂ ਜਿਨ੍ਹਾਂ ਦੀ ਮਨੁੱਖੀ ਰਿਸ਼ਤਿਆਂ ਵਿੱਚ ਉਮੀਦ ਕੀਤੀ ਜਾਂਦਾ ਹੈ," "ਧੋਖੇਬਾਜ਼ੀ ਨਾਲ ਕੰਮ ਕਰਨਾ" ਜਾਂ "ਧੋਖੇ ਨਾਲ ਨਜਿੱਠਣਾ।"[8] ਅਬਰਾਹਾਮ ਨੇ ਅਬੀਮਲਕ ਨੂੰ ਸਾਰਾਹ ਬਾਰੇ ਇਸ ਪੂਰਵ ਧਾਰਣਾ ਤੇ ਅਧਾਰਿਤ ਝੂਠ ਬੋਲਿਆ ਕਿ "ਪਰਮੇਸ਼ੁਰ ਦਾ ਡਰ ਏਸ ਥਾਂ ਜ਼ਰੂਰ ਨਹੀਂ ਹੈ" (20:11)। ਦੂਜੇ ਸ਼ਬਦਾਂ ਵਿੱਚ, ਉਸ ਨੇ ਸੋਚਿਆ ਕਿ ਗੈਰ-ਯਹੂਦੀ ਲੋਕ ਪਤੀ ਅਤੇ ਪਤਨੀ ਦੇ ਸਧਾਰਣ ਮਨੁੱਖੀ ਰਿਸ਼ਤੇ ਦਾ ਆਦਰ ਨਹੀਂ ਕਰਨਗੇ।

ਲਗਭਗ ਚੱਵੀ ਸਾਲਾਂ ਤੱਕ, ਪੁਰਖਾ ਕਨਾਨ ਦੇ ਦੇਸ ਵਿੱਚ ਰਿਹਾ ਸੀ ਅਤੇ ਜਿੱਥੋਂ ਤੱਕ ਅਸੀਂ ਜਾਣਦੇ ਹਾਂ, ਉਸ ਨੇ ਹੋਰ ਸਥਾਨਕ ਹਾਕਮਾਂ ਦੀ ਵੱਲੋਂ ਇਸ ਕਿਸਮ ਦੀ ਦਿੱਕਤ ਦਾ ਅਨੁਭਵ ਨਹੀਂ ਸੀ ਕੀਤਾ। ਸ਼ਰਮਿੰਦਗੀ ਝੱਲਣ ਤੋਂ ਬਾਅਦ, ਅਬਰਾਹਾਮ ਨੂੰ ਇਹ ਸਿੱਖਿਆ ਮਿਲੀ ਕਿ ਇਸ ਗੈਰ-ਯਹੂਦੀ ਰਾਜਾ ਦੇ ਅੰਦਰ ਵਿਆਹ ਸੰਬੰਧੀ ਉਸ ਨਾਲੋਂ ਨੈਤਿਕਤਾ ਦਾ ਵੱਡਾ ਭਾਵ ਸੀ ਜਿੰਨਾ ਉਸ ਨੇ ਸੋਚਿਆ ਸੀ। ਅਬਰਾਹਾਮ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਹ (ਆਪਣੇ) ਦਿਲ ਦੀ ਸਿਧਿਆਈ ਅਰ [ਆਪਣੇ] ਆਪਣੇ ਹੱਥਾਂ ਦੀ ਨਿਰਮਲਤਾਈ ਨਾਲ" ਸਾਰਾਹ ਨੂੰ ਆਪਣੇ ਘਰ ਲੈ ਕੇ ਗਿਆ ਸੀ (20:5)। ਇਹ ਪੁਰਖਾ ਸੀ ਜਿਸ ਨੇ ਸਾਰਾਹ ਨਾਲ ਆਪਣੇ ਸੱਚੇ ਰਿਸ਼ਤੇ ਬਾਰੇ ਝੂਠ ਬੋਲ ਕੇ ਧੋਖੇਬਾਜ਼ੀ ਵਾਲਾ ਕੰਮ ਕੀਤਾ ਸੀ।

ਅਬਰਾਹਾਮ ਦਾ ਝੂਠ ਸਾਰੀਆਂ ਪੀੜ੍ਹੀਆਂ ਵਿੱਚ ਪਰਮੇਸ਼ੁਰ ਦੇ ਲੋਕਾਂ ਦੇ ਲਈ ਇੱਕ ਚਿਤਾਵਨੀ ਦਾ ਪ੍ਰਤੀਕ ਹੈ: ਗੱਲਾਂ ਅਤੇ ਕੰਮਾਂ ਵਿੱਚ ਧੋਖੇ ਨੂੰ ਤਰਕਸੰਗਤ ਠਹਿਰਾਉਣਾ ਅਸਾਨ ਹੈ। ਪਰਮੇਸ਼ੁਰ ਦੇ ਬੱਚੇ ਉਨ੍ਹਾਂ ਤਰੀਕਿਆਂ ਨਾਲ ਬੋਲਣ ਅਤੇ ਕੰਮ ਕਰਨ ਦੇ ਪਰਤਾਵੇ ਤੋਂ ਮੁਕਤ ਨਹੀਂ ਹਨ ਜੋ ਗੈਰ-ਯਹੂਦੀ ਲੋਕਾਂ ਦੇ ਲਈ ਹੈਰਾਨੀਜਨਕ ਹੋਵੇਗਾ। ਜਦੋਂ ਪੌਲੁਸ ਨੇ ਰੋਮ ਦੇ ਮਸੀਹੀ ਲੋਕਾਂ ਨੂੰ ਲਿਖਿਆ, ਉਸ ਨੇ ਕੁਝ ਯਹੂਦੀ ਭਰਾਵਾਂ ਤੇ ਤਿੱਖੀ ਭਾਸ਼ਾ ਵਿੱਚ ਦੋਸ਼ ਲਗਾਇਆ: "ਪਰਾਈਆਂ ਕੌਮਾਂ ['ਗੈਰ-ਯਹੂਦੀ ਲੋਕ ਜੋ ਪਰਤੀਤ ਨਹੀਂ ਸੀ ਕਰਦੇ'] ਦੇ ਵਿੱਚ ਤੁਹਾਡੇ ਕਾਰਨ ਪਰਮੇਸ਼ੁਰ ਦੇ ਨਾਮ ਦੀ ਨਿੰਦਿਆ ਹੁੰਦੀ ਹੈ" (ਰੋਮੀਆਂ 2:24; ਵੇਖੋ 2 ਪਤਰਸ 2:2)। ਇਹੀ ਦੋਸ਼ ਪੁਰਾਣੇ ਨੇਮ ਵਿੱਚ ਨਬੀਆਂ ਨੇ ਪਰਮੇਸ਼ੁਰ ਦੇ ਲੋਕਾਂ ਦੇ ਵਿਰੁੱਧ ਵੀ ਲਗਾਇਆ ਸੀ (ਯਸਾਯਾਹ 52:5; ਹਿਜ਼ਕੀਏਲ 36:20-23)। ਇਸ ਲਈ, ਪੌਲੁਸ ਦੀ ਨਸੀਹਤ ਹਾਲੇ ਵੀ ਢੁਕਵੀਂ ਹੈ: "ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ" (ਰੋਮੀਆਂ 12:2)।

*ਝੂਠ ਚਰਿੱਤਰ ਨੂੰ ਖਤਮ ਕਰ ਦਿੰਦਾ ਹੈ ਅਤੇ ਵਿਅਕਤੀ ਦੀ ਗਵਾਹੀ ਨੂੰ ਰੱਦ ਕਰਦਾ ਹੈ।* ਅਬਰਾਹਾਮ ਨੂੰ ਇਹ ਕਹਿਣ ਦੇ ਲਈ ਕਿ ਸਾਰਾਹ ਮੇਰੀ ਭੈਣ ਹੈ ਸਿਰਫ ਕੁਝ ਪਲ ਲੱਗੇ; ਇਹ ਉਹ ਝੂਠ ਸੀ ਜਿਸ ਨੂੰ ਉਨ੍ਹਾਂ ਨੇ ਜਿੱਥੇ ਕਿਤੇ ਵੀ ਜਾਣਾ ਸੀ ਇਸਤੇਮਾਲ ਕਰਨ ਦੀ ਯੋਜਨਾ ਬਣਾਈ ਸੀ (20:13), ਇਸ ਲਈ ਉਨ੍ਹਾਂ ਨੇ ਫੇਰ ਇਸ ਦਾ ਇਸਤੇਮਾਲ ਕੀਤਾ। ਇਹ ਝੂਠ ਉਸ ਬੀਜ ਦੇ ਵਾਂਗ ਸੀ ਜੋ ਬਹੁਤ ਸਾਲ ਪਹਿਲਾਂ ਬੀਜਿਆ ਗਿਆ ਸੀ। ਇਹ ਵੱਧਦਾ ਗਿਆ ਅਤੇ ਇਸ ਨੇ ਉਨ੍ਹਾਂ ਦੇ ਆਪਣੇ ਜੀਵਨਾਂ ਵਿੱਚ ਕੌੜਾ ਫਲ ਦਿੱਤਾ। ਉਨ੍ਹਾਂ ਨੇ ਪਰਤੱਖ ਰੂਪ ਵਿੱਚ ਇਹ

ਇਸਹਾਕ ਨਾਲ ਵੀ ਸਾਂਝਾ ਕੀਤਾ ਸੀ ਕਿਉਂਕਿ ਉਸ ਨੇ ਆਪਣੀ ਪਤਨੀ ਰਿਬਕਾਹ ਦੇ ਬਾਰੇ ਇਸੇ ਤਰ੍ਹਾਂ ਦੇ ਧੋਖੇ ਦਾ ਇਸਤੇਮਾਲ ਕੀਤਾ ਜਦੋਂ ਉਹ ਗਰਾਰ ਵਿੱਚ ਫਲਿਸਤੀਆਂ ਦੇ ਵਿੱਚ ਗਏ (26:6-11)। ਧਰਤੀ ਤੇ ਰਹਿੰਦੇ ਹੋਏ, ਦੂਜਿਆਂ ਦਾ ਸਾਡੇ ਸਾਰਿਆਂ ਤੇ ਪ੍ਰਭਾਵ ਹੁੰਦਾ ਹੈ ਅਤੇ ਅਸੀਂ ਉਨ੍ਹਾਂ ਤੇ ਪ੍ਰਭਾਵ ਪਾਉਂਦੇ ਹਾਂ, ਭਲੇ ਜਾਂ ਬੁਰੇ ਲਈ।

ਅਬਰਾਹਾਮ ਅਤੇ ਸਾਰਾਹ ਦਾ ਝੂਠ ਬਹੁਤ ਮਹਿੰਗਾ ਪਿਆ ਕਿਉਂਕਿ ਇਸ ਨੇ ਉਨ੍ਹਾਂ ਦੇ ਪਤੀ ਪਤਨੀ ਦੇ ਰਿਸ਼ਤੇ ਨੂੰ ਪ੍ਰਭਾਵਿਤ ਕੀਤਾ। ਬੇਸ਼ੱਕ, ਇਸ ਨੇ ਮਿਸਰ ਅਤੇ ਗਰਾਰ ਦੇ ਰਾਜਿਆਂ, ਉਨ੍ਹਾਂ ਦੇ ਘਰਾਣਿਆਂ ਅਤੇ ਉਨ੍ਹਾਂ ਦੇ ਸ਼ਾਹੀ ਅਧਿਕਾਰੀਆਂ ਦੇ ਸਾਹਮਣੇ ਉਨ੍ਹਾਂ ਦੀ ਗਵਾਹੀ ਨੂੰ ਖਰਾਬ ਵੀ ਕੀਤਾ। ਇਸ ਤੋਂ ਇਲਾਵਾ, ਪੁਰਖੇ ਨੇ ਆਪਣੇ ਪਰਿਜਨਾਂ ਵਿੱਚ ਆਪਣਾ ਆਦਰ ਗੁਆ ਦਿੱਤਾ ਹੋਵੇਗਾ ਜਦੋਂ ਉਨ੍ਹਾਂ ਨੇ ਉਸ ਦੇ ਬਾਰੇ ਸੁਣਿਆ ਹੋਵੇਗਾ ਜੋ ਉਨ੍ਹਾਂ ਦੇ ਸੁਆਮੀ ਨੇ ਕੀਤਾ ਸੀ। ਇੱਕੋ ਸੱਚੇ ਪਰਮੇਸ਼ੁਰ ਬਾਰੇ ਅਬਰਾਹਾਮ ਅਤੇ ਸਾਰਾਹ ਦੀ ਗਵਾਹੀ ਨੂੰ ਸੰਕਟ ਵਿੱਚ ਪਾ ਦਿੱਤਾ ਗਿਆ, ਘੱਟੋ-ਘੱਟ ਕੁਝ ਹੱਦ ਤੱਕ, ਉਨ੍ਹਾਂ ਦੇ ਧੋਖੇ ਦੇ ਕਾਰਣ। ਸਾਰ ਵਿੱਚ, “ਸਰਬਸ਼ਕਤੀਮਾਨ ਪਰਮੇਸ਼ੁਰ” ਦੇ ਲੋਕਾਂ ਦੇ ਰੂਪ ਵਿੱਚ ਇਹ ਉਸ ਦਾ ਇਨਕਾਰ ਸੀ ਜੋ ਉਹ ਅਸਲ ਵਿੱਚ ਸਨ (17:1)।

ਇਹ ਕੁਝ ਹੱਦ ਤੱਕ ਬਾਅਦ ਵਿੱਚ ਪਤਰਸ ਦੇ ਯਿਸੂ ਦਾ ਇਨਕਾਰ ਕਰਨ ਦੇ ਵਾਂਗ ਸੀ, ਜਿਸ ਦੇ ਉਹ ਨਾਲ ਤੁਰਿਆ ਫਿਰਿਆ ਸੀ, ਰਿਹਾ ਸੀ ਅਤੇ ਜਿਸ ਦੇ ਅੱਗੇ ਉਸ ਨੇ ਆਪਣੀ ਨਿਹਚਾ ਅਤੇ ਵਫ਼ਾਦਾਰੀ ਦਾ ਇਕਰਾਰ ਕੀਤਾ ਸੀ (ਮੱਤੀ 16:16; 26:33-35, 69-75)। ਦਰਅਸਲ, ਇਹ ਸਾਰੇ ਚੇਲਿਆਂ ਦੇ ਅਨੁਭਵ ਵਰਗਾ ਸੀ। ਜਦੋਂ ਸਿਪਾਹੀਆਂ ਨੇ ਯਿਸੂ ਨੇ ਗਿਰਫਤਾਰ ਕੀਤਾ, ਸਾਰੇ ਚੇਲਿਆਂ ਨੇ ਉਨ੍ਹਾਂ ਦੇ ਕੰਮਾਂ ਦੇ ਰਾਹੀਂ ਉਸ ਦਾ ਇਨਕਾਰ ਕੀਤਾ ਅਤੇ ਉਸ ਨੂੰ ਉਸ ਰਾਤ ਛੱਡ ਕੇ ਭੱਜ ਗਏ, ਜਿਵੇਂ ਉਸ ਨੇ ਪਹਿਲਾਂ ਤੋਂ ਹੀ ਉਨ੍ਹਾਂ ਨੂੰ ਦੱਸਿਆ ਸੀ (ਮੱਤੀ 26:31, 56)। ਬੇਸ਼ੱਕ, ਪ੍ਰਭੂ ਨੇ ਉਨ੍ਹਾਂ ਨੂੰ ਹਦਾਇਤ ਦਿੱਤੀ ਸੀ ਕਿ ਉਨ੍ਹਾਂ ਨੇ “ਧਰਤੀ ਦੇ ਲੂਣ” ਅਤੇ “ਜਗਤ ਦਾ ਚਾਨਣ” ਬਣਨਾ ਸੀ (ਮੱਤੀ 5:13-15)। ਫਿਰ ਵੀ, ਉਸ ਦੀ ਗਿਰਫਤਾਰੀ ਅਤੇ ਉਸ ਦੇ ਜੀ ਉੱਠਣ ਵਿਚਕਾਰ ਥੋੜ੍ਹੇ ਜਿਹੇ ਸਮੇਂ ਦੇ ਲਈ, ਉਨ੍ਹਾਂ ਦਾ ਲੂਣ “ਬੇਸੁਆਦਾ” ਹੋ ਗਿਆ (ਮੱਤੀ 5:13) ਅਤੇ ਉਨ੍ਹਾਂ ਦਾ ਚਾਨਣ ਵਿਖਾਲੀ ਨਹੀਂ ਦਿੱਤਾ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਆਪਣਾ ਚਾਨਣ “ਟੋਪੇ ਦੇ ਹੇਠ” ਲੁਕਾ ਦਿੱਤਾ ਸੀ (ਮੱਤੀ 5:15)। ਉਹ ਡਰ ਗਏ ਅਤੇ ਉਨ੍ਹਾਂ ਦਾ ਮੋਹ ਭੰਗ ਹੋ ਗਿਆ (ਵੇਖੋ ਲੂਕਾ 24:21), ਜਦੋਂ ਉਹ ਉਸ ਰਾਤ ਭੱਜ ਗਏ (ਮੱਤੀ 26:56) ਅਤੇ “ਯਹੂਦੀਆਂ ਦੇ ਡਰ ਦੇ ਮਾਰੇ” ਬੂਹੇ ਬੰਦ ਕਰਕੇ ਲੁੱਕ ਗਏ (ਯੂਹੰਨਾ 20:19)। ਫਿਰ ਵੀ, ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਅਤੇ ਉਸ ਦੇ ਚੇਲਿਆਂ ਨੂੰ ਵਿਖਾਲੀ ਦੇਣ ਨੇ ਉਨ੍ਹਾਂ ਦੇ ਜੀਵਨਾਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ, ਉਨ੍ਹਾਂ ਦੀ ਨਿਹਚਾ ਨੂੰ ਉਤੇਜਿਤ ਕਰਦਿਆਂ ਅਤੇ ਉਨ੍ਹਾਂ ਨੂੰ ਇਹ ਦਿਲੇਰੀ ਅਤੇ ਆਸ ਦਿੰਦਿਆਂ ਜੋ ਨਾ ਜਗਤ ਕਦੇ ਦੇ ਸਕਦਾ ਸੀ, ਨਾ ਹੀ ਇਸ ਨੂੰ ਖੋਹ ਸਕਦਾ ਸੀ (ਯੂਹੰਨਾ 20:19-31)।

ਅਸਲ ਵਿੱਚ, ਅਬਰਾਹਾਮ ਨੂੰ ਆਪਣੀ ਬੁਲਾਹਟ ਦੇ ਪ੍ਰਤੀ ਵਫ਼ਾਦਾਰ ਬਣਨ ਦੇ ਲਈ ਪ੍ਰਭੂ ਦੇ ਚੇਲਿਆਂ ਨਾਲੋਂ ਜ਼ਿਆਦਾ ਸਮਾਂ ਲੱਗਾ ਸੀ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਸਿੱਧਾ ਮਸੋਪੋਤਾਮੀਆ ਦੇ ਗੈਰ-ਯਹੂਦੀ ਧਰਮ ਵਿੱਚੋਂ ਬਾਹਰ ਆਇਆ ਸੀ ਅਤੇ ਇਹ ਕਿ ਉਸ ਨੂੰ ਜ਼ਿਆਦਾਤਰ ਆਪਣੇ ਜੀਵਨ ਵਿੱਚ ਕਨਾਨੀਆਂ ਦੀ ਰਾਜਨੀਤੀ ਅਤੇ ਧਰਮ ਦੀ ਖ਼ਤਰਨਾਕ ਦੁਨੀਆ ਤੋਂ ਬਚ ਕੇ ਰਹਿਣਾ ਪਿਆ ਸੀ। ਉਸ ਨੂੰ ਵਿਸ਼ਵਾਸੀਆਂ ਦਾ ਪਿਤਾ ਬਣਨ ਦੇ ਲਈ, ਇੱਕ ਕਿਸਮ ਦੇ ਸਰੀਰਕ ਜੀ ਉੱਠਣ ਵਿੱਚੋਂ ਗੁਜਰਨਾ ਪਿਆ, ਅਰਥਾਤ, ਇਸਹਾਕ, ਵਾਅਦੇ ਦੀ ਸੰਤਾਨ ਨੂੰ ਜਨਮ ਲੈਣ ਦੇ ਲਈ ਉਸ ਦੇ ਨੜ੍ਹਿਨਵੇਂ ਸਾਲ ਦੇ ਸਰੀਰ ਅਤੇ ਉਨਾਨਵੇ ਸਾਲ ਦੀ

ਸਾਰਾਹ ਨੂੰ ਚਮਤਕਾਰੀ ਢੰਗ ਨਾਲ ਉਤੇਜਿਤ ਹੋਣਾ ਪਿਆ (ਵੇਖੋ ਉਤਪਤ 21)।

ਤਾਂ ਵੀ, ਪਰਮੇਸ਼ੁਰ ਨੂੰ ਨਿਹਚਾ ਲਈ ਅਬਰਾਹਾਮ ਦੀ ਜੱਦੋ-ਜਹਿਦ ਅਤੇ ਝੂਠ ਬੋਲਣ ਦੀ ਉਸ ਦੀ ਪ੍ਰਵਿਰਤੀ ਅਤੇ ਕਈ ਸਾਲਾਂ ਤੱਕ ਉਸ ਦੇ ਧੋਖਾ ਦੇਣ ਨੂੰ ਕਿਉਂ ਸਹਿਣਾ ਪਿਆ? ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਕੋਈ ਕਿਸ ਤਰ੍ਹਾਂ ਇਸ ਪਿਛਲੇ ਸਵਾਲ ਦਾ ਜਵਾਬ ਦਿੰਦਾ ਹੈ, ਸੁਭਾਵਕ ਤੌਰ ਤੇ ਇੱਕ ਹੋਰ ਸਵਾਲ ਖੜ੍ਹਾ ਹੁੰਦਾ ਹੈ। ਪਰਮੇਸ਼ੁਰ ਕਿਉਂ ਸਾਡੀ ਨਿਹਚਾ ਦੀਆਂ ਜੱਦੋ-ਜਹਿਦਾਂ ਅਤੇ ਸਾਡੀਆਂ ਕਮਜ਼ੋਰੀਆਂ ਨੂੰ ਸਹਿਣ ਕਰਦਾ ਹੈ ਜੋ ਕਈ ਵਾਰ ਸਾਨੂੰ ਪਾਪ ਕਰਨ ਦੀ ਵੱਲ ਲੈ ਜਾਂਦੀਆਂ ਹਨ? ਆਪਣੇ ਸਾਰੇ ਲੋਕਾਂ ਦੇ ਲਈ ਪਰਮੇਸ਼ੁਰ ਦਾ ਉਦੇਸ਼, ਜਿਵੇਂ ਕਿ ਅਬਰਾਹਾਮ ਦੇ ਲਈ ਸੀ, ਸਿਰਫ ਰੂਹਾਂ ਨੂੰ ਬਚਾਉਣਾ ਅਤੇ ਲੋਕਾਂ ਨੂੰ ਸੁਰਗੀ ਘਰ ਤੱਕ ਲੈ ਕੇ ਜਾਣਾ ਨਹੀਂ ਹੈ; ਬਲਕਿ, ਇਹ ਚਰਿੱਤਰ ਦਾ ਨਿਰਮਾਣ ਕਰਨ, ਸਾਨੂੰ ਮਸੀਹ ਦੇ ਰੂਪ ਵਿੱਚ ਬਦਲਣ ਬਾਰੇ ਹੈ (2 ਕੁਰਿੰਥੀਆਂ 3:18)। ਪਰਮੇਸ਼ੁਰ ਸਾਨੂੰ ਸਦੀਪਕਾਲ ਦੇ ਲਈ ਉਸ ਦੇ ਨਾਲ, ਮਸੀਹ ਦੇ ਨਾਲ ਅਤੇ ਇੱਕ ਦੂਜੇ ਨਾਲ ਸੰਗਤੀ ਕਰਨ ਦੇ ਲਈ ਤਿਆਰ ਕਰਨਾ ਚਾਹੁੰਦਾ ਹੈ।

ਉਸ ਫਲ ਨੂੰ ਖਾਣ ਦੁਆਰਾ ਪਾਪ ਕਰਨ ਤੋਂ ਬਾਅਦ ਜਿਸ ਨੂੰ ਪਰਮੇਸ਼ੁਰ ਨੇ ਉਨ੍ਹਾਂ ਨੂੰ ਖਾਣ ਤੋਂ ਮਨ੍ਹਾ ਕੀਤਾ ਸੀ, ਆਦਮ ਅਤੇ ਹੱਵਾਹ ਹਾਲੇ ਵੀ ਅਦਨ ਦੇ ਬਾਗ ਵਿੱਚ ਸਨ, ਪਰ ਉਨ੍ਹਾਂ ਦੇ ਰਚਨਹਾਰ ਨਾਲ ਅਤੇ ਇੱਕ ਦੂਜੇ ਨਾਲ ਉਨ੍ਹਾਂ ਦੀ ਸੰਗਤੀ ਤੁਰੰਤ ਟੁੱਟਣਾ ਸ਼ੁਰੂ ਹੋ ਗਈ। ਉਹ ਪਰਮੇਸ਼ੁਰ ਕੋਲ ਡਰਨ ਲੱਗੇ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਝਾੜੀਆਂ ਪਿੱਛੇ ਲੁਕਾਉਣ ਦੀ ਕੋਸ਼ਿਸ਼ ਕੀਤੀ। ਆਦਮ ਨੇ ਆਪਣੇ ਪਾਪ ਦਾ ਦੋਸ਼ ਹੱਵਾਹ ਅਤੇ ਪਰਮੇਸ਼ੁਰ ਤੇ ਲਾਇਆ, ਜਦ ਕਿ ਹੱਵਾਹ ਨੇ ਇਸ ਪਾਪ ਦੀ ਸਾਰੀ ਜ਼ਿੰਮੇਵਾਰੀ ਸ਼ਤਾਨ ਤੇ ਸੁੱਟ ਦਿੱਤੀ। ਹਾਲਾਂਕਿ ਸੰਸਾਰ ਦਾ ਇਹ ਪਹਿਲਾ ਜੋੜਾ ਹਾਲੇ ਵੀ ਦੁਨਿਆਵੀ ਫ਼ਿਰਦੌਸ ਵਿੱਚ ਸੀ, ਉਸ ਤੋਂ ਬਾਅਦ ਉਨ੍ਹਾਂ ਨੇ ਇੱਕ ਦੂਜੇ ਜਾਂ ਪਰਮੇਸ਼ੁਰ ਨਾਲ ਅਨੰਦ, ਸ਼ਾਂਤੀ ਅਤੇ ਸੰਗਤੀ ਕਰਨ ਦੀ ਸੁਰੱਖਿਆ ਦਾ ਅਨੁਭਵ ਨਹੀਂ ਸੀ ਕੀਤਾ। ਬਜਾਇ ਇਸ ਦੇ, ਉਹ ਦੋਸ਼ੀ, ਡਰਪੋਕ ਅਤੇ ਖੁਸ਼ ਨਾ ਰਹਿਣ ਵਾਲੇ ਲੋਕ ਬਣ ਗਏ।

ਪਾਪ ਮਨੁੱਖ ਨੂੰ ਉਸ ਦੇ ਰਚਨਹਾਰ ਤੋਂ ਅੱਡ ਕਰਦਾ ਹੈ ਅਤੇ ਮਨੁੱਖ ਵਿੱਚ ਪਰਮੇਸ਼ੁਰ ਦੇ ਸਰੂਪ ਨੂੰ ਵਿਗਾੜਦਾ ਹੈ। ਪਰਮੇਸ਼ੁਰ ਕਿਉਂ ਅਸਿੱਧ ਲੋਕਾਂ ਨੂੰ ਸਹਿਣ ਕਰਦਾ ਰਹਿੰਦਾ ਹੈ? ਕਿਉਂਕਿ "ਪਰਮੇਸ਼ੁਰ ਪ੍ਰੇਮ ਹੈ" (1 ਯੂਹੰਨਾ 4:16)। ਉਸ ਦੀ ਕਿਰਪਾ ਨਾਲ, ਉਸ ਨੇ ਇਸਰਾਏਲੀਆਂ ਨੂੰ ਉਨ੍ਹਾਂ ਦੇ ਪਾਪ ਵਿੱਚ ਸਹਿਣ ਕੀਤਾ ਸੀ। ਪਰਮੇਸ਼ੁਰ ਉਨ੍ਹਾਂ ਨੂੰ ਪਵਿੱਤਰ ਲੋਕ ਬਣਾਉਣਾ ਚਾਹੁੰਦਾ ਸੀ ਜੋ ਸੰਸਾਰ ਵਿੱਚ ਉਸ ਦੇ ਸੁਭਾਅ ਅਤੇ ਚਰਿੱਤਰ ਨੂੰ ਪਰਗਟ ਕਰੇਗਾ (18:18, 19; ਕੂਚ 19:4-6)। ਇਸ ਲਈ, ਕਿਰਪਾ ਦੇ ਰਾਹੀਂ ਹੀ ਪਰਮੇਸ਼ੁਰ ਅੱਜ ਮਸੀਹੀ ਲੋਕਾਂ ਦੇ ਨਾਲ ਕੰਮ ਕਰਦਾ ਹੈ। ਸਾਡੇ ਪਾਪਾਂ ਅਤੇ ਕਮੀਆਂ ਦੇ ਬਾਵਜੂਦ, ਅਸੀਂ ਅਬਰਾਹਾਮ ਦੀ ਆਤਮਿਕ ਅੰਸ ਅਤੇ "ਬਚਨ ਦੇ ਅਨੁਸਾਰ [ਉਸ ਦੇ] ਅਧਕਾਰੀ ਹਾਂ" (ਗਲਾਤੀਆਂ 3:29)। ਪਰਮੇਸ਼ੁਰ ਸਾਡੇ ਨਾਲ ਧੀਰਜ ਰੱਖਦਾ ਹੈ, ਸਾਨੂੰ ਮਾਫ਼ ਕਰਦਾ ਅਤੇ ਸਾਨੂੰ ਬਰਕਤ ਦਿੰਦਾ ਹੈ, ਜਿਵੇਂ ਕਿ ਉਸ ਦੇ ਅਬਰਾਹਾਮ ਨਾਲ ਕੀਤਾ ਸੀ ਸਿੱਧ ਨਿਹਚਾ ਜਾਂ ਪੂਰਨ ਆਗਿਆਕਾਰੀ ਦੇ ਕਾਰਣ ਨਹੀਂ, ਪਰ ਇਸ ਲਈ ਕਿਉਂਕਿ ਉਹ ਸਾਡੇ ਵਿੱਚ ਮਸੀਹ ਨੂੰ ਵੇਖਦਾ ਹੈ ਜਿਨ੍ਹਾਂ ਨੇ ਉਸ ਦੀ ਸਿੱਧ ਧਾਰਮਿਕਤਾ ਨੂੰ ਪਹਿਨ ਲਿਆ ਹੈ (2 ਕੁਰਿੰਥੀਆਂ 5:21; ਗਲਾਤੀਆਂ 3:26, 27)।

---

ਟਿੱਪਣੀਆਂ

[1]ਏਲੀਅਜ਼ਰ ਡੀ. ਓਰੇਨ ਦੀ ਪੁਸਤਕ *ਦਿ ਐਂਕਰ ਬਾਈਬਲ ਡਿਕਸ਼ਨਰੀ*, ਸੋਧ, ਡੇਵਿਡ ਨੋਏਲ ਫਰੀਡਮੈਨ (ਨਿਊ ਯਾਰਕ: ਡੱਬਲਡੇਅ, 1992) ਵਿੱਚ ਸਫ਼ੇ 2:989-91 ਤੇ "ਗਰਾਰ" ਹੈ। [2]ਜ਼ਬੂਰ 34 ਦਾ ਸਿਰਲੇਖ ਗਾਥ ਦੇ ਫਲਿਸਤੀ

ਰਾਜਾ ਦਾ “ਅਬੀਮਲਕ” (ਸਪੱਸ਼ਟ ਤੌਰ ਤੇ ਇੱਕ ਖਾਨਦਾਨੀ ਸਿਰਲੇਖ) ਦੇ ਰੂਪ ਵਿੱਚ ਹਵਾਲਾ ਦਿੰਦਾ ਹੈ, ਜਦ ਕਿ 1 ਸਮੂਏਲ 21:10-15 ਉਸ ਨੂੰ “ਆਕੀਸ਼” (ਇੱਕ ਨਿੱਜੀ ਨਾਮ) ਨਾਲ ਬੁਲਾਉਂਦੀ ਹੈ। [3]2 ਇਤਹਾਸ 35:22 ਦੇ ਲੇਖਕ ਨੇ ਕਿਹਾ ਸੀ ਕਿ ਅੱਛਾ ਰਾਜਾ ਯੋਸੀਯਾਹ ਇਸ ਲਈ ਮਰ ਗਿਆ ਕਿਉਂਕਿ ਉਸ ਨੇ “ਨਕੋ ਦੀ ਗੱਲ ਜਿਹੜੀ ਪਰਮੇਸ਼ੁਰ ਦੇ ਮੂੰਹੋਂ ਨਿੱਕਲੀ ਸੀ ਨਾ ਸੁਣੀ।” [4]ਇੱਥੇ ਅਬੀਮਲਕ ਦੁਆਰਾ ਜਿਹੜਾ ਸ਼ਬਦ ਵਰਤਿਆ ਗਿਆ ਹੈ ਉਹ ਹੈ “ਯਹੋਵਾਹ” (אֲדֹנָי, *ਅਡੋਨੇਅ*) ਜਦ ਕਿ 21:22, 23 ਵਿੱਚ ਉਸ ਨੇ “ਪਰਮੇਸ਼ੁਰ” (אֱלֹהִים, *ਇਲੋਹਿਮ*) ਬਾਰੇ ਗੱਲ ਕੀਤੀ ਸੀ। ਦੋਹਾਂ ਹਾਲਾਤਾਂ ਵਿੱਚੋਂ ਕਿਸੇ ਵਿੱਚ ਵੀ ਉਸ ਨੇ “ਯਹੋਵਾਹ” ਜਾਂ “ਯਾਹਵੇਹ” (יהוה, *ਯਾਹਵੇਹ*) ਸ਼ਬਦ ਨਹੀਂ ਵਰਤਿਆ ਜੋ ਕਿ ਪਰਮੇਸ਼ੁਰ ਦਾ ਨਿੱਜੀ ਨਾਮ ਹੈ। [5]ਈਲੇਨ ਐਡਲਰ ਗੁੱਡਫਰੈਂਡ ਦੀ ਪੁਸਤਕ *ਦਿ ਆਦਰ ਬਾਈਬਲ ਡਿਕਸ਼ਨਰੀ* ਵਿੱਚ ਸਫ਼ਾ 1:82 ਤੇ “ਹਰਾਮਕਾਰੀ” ਹੈ। ਮੂਸਾ ਦੀ ਸ਼ਰਾ ਦੇ ਅਨੁਸਾਰ, ਹਰਾਮਕਾਰੀ ਮੌਤ ਦੀ ਸਜ਼ਾ ਵਾਲਾ ਅਪਰਾਧ ਸੀ (ਲੇਵੀਆਂ 20:10; ਬਿਵਸਥਾ ਸਾਰ 22:22)। [6]ਜੌਨ ਟੀ. ਵਿਲੀਜ, *ਜੈਨੇਸਿਸ*, ਦ ਲਿਵਿੰਗ ਵਰਡ ਕਮੈਂਟਰੀ (ਔਸਟਿਨ, ਟੈਕਸਾਸ: ਸਵੀਟ ਪਬਲਿਸ਼ਿੰਗ ਕੰਪਨੀ, 1979), 275-76. [7]NIV ਬਾਈਬਲ ਇਸ ਸਮੇਂ ਦੌਰਾਨ “ਕਲਸ” ਸ਼ਬਦ ਨੂੰ ਜੋੜਨ ਦੁਆਰਾ ਇਕਾਈ ਨੂੰ ਸਪੱਸ਼ਟ ਕਰਦੀ ਹੈ, “ਸ਼ੈਕਲ” ਮੋਹਰ ਵਾਲੇ ਸਿੱਕੇ ਦੀ ਬਜਾਇ ਇੱਕ “ਤੋਲ” ਹੁੰਦਾ ਸੀ। [8]ਲੂਇਸ ਗੋਲਡਬਰਗ, ਥੀਓਲੋਜੀਕਲ ਵਰਡਬੁਕ ਆਫ਼ ਦਿ ਓਲਡ ਟੈਸਟਾਮੈਂਟ (*TWOT*) ਵਿੱਚ “בָּגַד,” 1:89-90.